ਕੈਨੇਡਾ ਪੰਜਾਬ ਲਿੰਕ
WEEKLY NEWSPAPER VOL. : 11 ISSUE : 44 SATURDAY, 28 OCTOBER, 2023
www.punjablinkpaper.com 604-503-5465

MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਭਾਰਤ ਨਾਲ ਵਿਗੜ ਰਹੇ ਸੰਬੰਧਾਂ ਲਈ ਟਰੂਡੋ ਜ਼ਿੰਮੇਵਾਰ-ਪੋਲੀਵਰ ਦਾ ਦੋਸ਼



ਓਟਵਾ-ਕੰਸਰਵੇਟਿਵ ਨੇਤਾ ਪੀਅਰ ਪੋਲੀਵਰ ਭਾਰਤ ਨਾਲ ਕੂਟਨੀਤਕ ਸਬੰਧ ਖਰਾਬ ਹੋਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਦੋਸ਼ੀ ਠਹਿਰਾ ਰਹੇ ਹਨ ਅਤੇ ਕਿਹਾ ਕਿ ਓਟਵਾ ਨੂੰ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨਾਲ ਪੇਸ਼ੇਵਰ ਰਿਸ਼ਤੇ ਦੀ ਲੋੜ ਹੈ। ਇਸੇ ਦੌਰਾਨ ਮੋਦੀ ਸਰਕਾਰ ਦਾ ਕਹਿਣਾ ਕਿ ਉਹ ਫੈਡਰਲ ਲਿਬਰਲਾਂ ਤੋਂ ਨਾਰਾਜ਼ ਹੈ ਨਾ ਕਿ ਪੂਰੇ ਕੈਨੇਡਾ ਤੋਂ। ਪਿਛਲੇ ਮਹੀਨੇ ਹਾਊਸ ਆਫ ਕਾਮਨਜ਼ ਵਿਚ ਟਰੂਡੋ ਨੇ ਐਲਾਨ ਕੀਤਾ ਸੀ ਕਿ ਕੈਨੇਡੀਅਨ ਖ਼ੁਫ਼ੀਆ ਸੇਵਾਵਾਂ ਭਾਰਤ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਸਿੱਖ ਨੇਤਾ ਹਰਦੀਪ ਸਿੰਘ ਨਿੱਜਰ ਦੇ ਕਤਲ ਵਿਚਕਾਰ ਸੰਭਾਵਤ ਸਬੰਧਾਂ ਦੀ ਪੁਖਤਾ ਜਾਣਕਾਰੀ ਦੀ ਜਾਂਚ ਕਰ ਰਹੀਆਂ ਹਨ। ਪੋਲੀਵਰ ਨੇ ਆਨਲਾਈਨ ਪੋਸਟ ਕੀਤੇ ਇਕ ਵੀਡੀਓ ਵਿਚ ਨਮਸਤੇ ਰੇਡੀਓ ਟਰਾਂਟੋ ਨੂੰ ਦੱਸਿਆ ਕਿ ਸਾਡੀਆਂ ਅਸਹਿਮਤੀਆਂ ਅਤੇ ਇਕ ਦੂਸਰੇ ਨੂੰ ਜਵਾਬਦੇਹ ਠਹਿਰਾਉਣ ਦੀ ਗੱਲ ਤਾਂ ਠੀਕ ਹੈ ਪਰ ਸਾਡੇ ਭਾਰਤ ਸਰਕਾਰ ਨਾਲ ਪੇਸ਼ੇਵਰ ਸਬੰਧ ਹੋਣੇ ਚਾਹੀਦੇ ਹਨ। ਪੋਲੀਵਰ ਨੇ ਟਰੂਡੋ ਨੂੰ ਜਨਤਕ ਸਮਾਗਮਾਂ ਵਿਚ ਭਾਰਤੀ ਕੂਟਨੀਤਕਾਂ ਪ੍ਰਤੀ ਦਿਖਾਏ ਹਮਲਾਵਰ ਰੁਖ ਲਈ ਵੀ ਦੋਸ਼ੀ ਠਹਿਰਾਇਆ।

*(ਬਾਕੀ ਸਫ਼ਾ 9 'ਤੇ)*

# ਕਤਰ ਦੀ ਅਦਾਲਤ ਨੇ ਭਾਰਤੀ ਜਲ ਸੈਨਾ ਦੇ 8 ਸਾਬਕਾ ਅਧਿਕਾਰੀਆਂ ਨੂੰ ਸੁਣਾਈ ਮੌਤ ਦੀ ਸਜ਼ਾ

ਦੋਹਾ-ਕਤਰ ਦੀ ਇਕ ਅਦਾਲਤ ਨੇ ਜਾਸੂਸੀ ਦੀ ਗੰਭੀਰ ਦੋਸ਼ਾਂ ਵਿਚ ਮੌਜੂਦਾ ਸਮੇਂ ਉਥੇ ਦੀ ਇਕ ਜ਼ੇਲ੍ਹ ਵਿਚ ਨਜ਼ਰਬੰਦ ਭਾਰਤੀ ਜਲ ਸੈਨਾ ਦੇ 8 ਸਾਬਕਾ ਅਧਿਕਾਰੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਇਸ ਫ਼ੈਸਲੇ ਨਾਲ ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ ਝਟਕਾ ਲੱਗਾ ਹੈ ਜਿਹੜਾ ਇਸ 'ਤੇ ਡੂੰਘੀ ਚਿੰਤਾ ਜ਼ਾਹਿਰ ਕਰਦਿਆਂ ਵਿਸਥਾਰ ਪੂਰਵਕ ਫ਼ੈਸਲੇ ਦੀ ਉਡੀਕ ਕਰ ਰਿਹਾ ਹੈ। ਭਾਰਤ ਦੇ ਸਾਬਕਾ ਜਲ ਸੈਨਾ ਅਧਿਕਾਰੀਆਂ ਜਿਨ੍ਹਾਂ ਨੇ ਜਲ ਸੈਨਾ ਵਿਚ ਨੌਕਰੀ ਕਰਦਿਆਂ ਵੱਖ ਵੱਖ ਅਹੁਦਿਆਂ 'ਤੇ ਕੰਮ ਕੀਤਾ 'ਤੇ ਇਜ਼ਰਾਈਲ ਲਈ ਜਾਸੂਸੀ ਕਰਨ ਦਾ ਦੋਸ਼ ਹੈ। ਮੁਲਜ਼ਮਾਂ ਦੀ ਪਛਾਣ ਭਾਰਤੀ ਖ਼ੁਫ਼ੀਆ ਏਜੰਸੀ 'ਰਾਅ' ਲਈ ਕੰਮ ਕਰਦੇ ਹੋਣ ਵਜੋਂ ਕੀਤੀ ਗਈ ਹੈ। ਉਹ ਕਤਰ ਲਈ ਕਥਿਤ ਤੌਰ 'ਤੇ ਜਾਸੂਸੀ ਸਰਗਰਮੀਆਂ ਕਰਦੇ ਫੜੇ ਗਏ ਸਨ। ਕਤਰ ਦੀ ਜਾਂਚ ਏਜੰਸੀ ਮੁਤਾਬਿਕ ਇਨ੍ਹਾਂ ਅਧਿਕਾਰੀਆਂ ਨੇ ਇਜ਼ਰਾਈਲ ਨੂੰ ਇਟਲੀ ਤੋਂ ਉੱਨਤ ਪਣਡੁੱਬੀਆਂ ਖਰੀਦਣ ਦੇ ਕਤਰ ਦੇ ਗੁਪਤ ਪ੍ਰੋਗਰਾਮ ਦੇ ਵੇਰਵੇ ਮੁਹੱਈਆ ਕੀਤੇ ਸਨ। ਭਾਰਤੀ ਵਿਦੇਸ਼ ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ ਕਿ ਸਾਡੇ ਕੋਲ ਇਹ ਮੁੱਢਲੀ ਜਾਣਕਾਰੀ ਹੈ ਕਿ ਕਤਰ ਦੀ ਕੋਰਟ ਆਫ ਫਸਟ ਇੰਸਟੈਂਸ ਨੇ ਅਲ ਦਾਹਰਾ ਕੰਪਨੀ ਦੇ ਅੱਠ ਭਾਰਤੀ ਮੁਲਾਜ਼ਮਾਂ ਦੀ ਸ਼ਮੂਲੀਅਤ ਵਾਲੇ ਮਾਮਲੇ ਵਿਚ ਫ਼ੈਸਲਾ ਦਿੱਤਾ ਹੈ। ਇਸ ਦਾ ਕਹਿਣਾ ਕਿ ਸਾਨੂੰ ਮੌਤ ਦੀ ਸਜ਼ਾ ਸਬੰਧੀ ਫ਼ੈਸਲੇ ਨਾਲ ਝਟਕਾ ਲੱਗਾ ਹੈ ਅਤੇ ਫ਼ੈਸਲੇ ਦੇ ਮੁਕੰਮਲ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ। ਸਥਿਤੀ ਦੀ ਗੰਭੀਰਤਾ ਨੂੰ ਉਜਾਗਰ ਕਰਦਿਆਂ ਬਿਆਨ ਵਿਚ ਇਸ ਮਾਮਲੇ ਦੀ ਮਹੱਤਤਾ ਅਤੇ ਭਾਰਤੀ ਸਰਕਾਰ ਦੀ ਸਹਾਇਤਾ ਮੁਹੱਈਆ ਕਰਨ ਪ੍ਰਤੀ ਵਚਨਬੱਧਤਾ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਦਾ ਕਹਿਣਾ ਕਿ ਅਧਿਕਾਰੀ ਮਾਮਲੇ 'ਤੇ ਨੇੜਿਓਂ ਨਜ਼ਰ ਬਣਾ ਕੇ ਰੱਖ ਰਹੇ ਹਨ ਅਤੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹ ਕਤਰ ਦੇ ਅਧਿਕਾਰੀਆਂ ਨਾਲ ਮਾਮਲਾ ਉਠਾਉਂਦੇ ਹੋਏ ਕੌਂਸਲਰ ਪਹੁੰਚ ਅਤੇ ਕਾਨੂੰਨੀ ਸਹਾਇਤਾ ਜਾਰੀ ਰੱਖਣਗੇ। ਜਿਨ੍ਹਾਂ ਸਾਬਕਾ ਜਲ ਸੈਨਾ ਅਧਿਕਾਰੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ ਉਨ੍ਹਾਂ ਵਿਚ ਕੈਪਟਨ ਨਵਤੇਜ ਸਿੰਘ ਗਿੱਲ, ਕੈਪਟਨ ਬਿਰੇਂਦਰ ਕੁਮਾਰ ਵਰਮਾ, ਕੈਪਟਨ ਸੌਰਭ ਵਸ਼ਿਸ਼ਟ, ਕਮਾਂਡਰ ਅਮਿਤ ਨਾਗਪਾਲ, ਕਮਾਂਡਰ ਪਰਨੇਡੂ ਤਿਵਾੜੀ, ਕਮਾਂਡਰ ਸੁਗੁਨਾਕਰ ਪਾਕਲਾ, ਕਮਾਂਡਰ ਸੰਜੀਵ ਗੁਪਤਾ ਅਤੇ ਸੇਲਰ ਰਾਗੇਸ਼ ਸ਼ਾਮਿਲ ਹਨ। ਉਨ੍ਹਾਂ ਨੂੰ ਕਤਰ ਦੀ ਇੰਟੈਲੀਜੈਂਸ ਸਰਵਸਿਜ਼ ਨੇ ਦੋਹਾ ਵਿਚ 30 ਅਗਸਤ 2022

*(ਬਾਕੀ ਸਫ਼ਾ 9 'ਤੇ)*




For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
* Stats from Fraser Valley Board 2020-2021
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD CERTIFIED CLINICIAN
ਜੇ ਤੁਹਾਡੇ ਇੱਕ, ਇੱਕ ਤੋ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ।
ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D. Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

MORTGAGE SPECIALIST!
Residential Construction, Commercial and Private Mortgages
- Pre - Approval available in 24 Hours - rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

mortgages lab
ਕਿਸੇ ਵੀ ਤਰ੍ਹਾਂ ਦੀ ਮੋਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੋਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Get Preapproval In 2 Hours
@HARPREETFUNDING
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht (Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas and Associates

# Get the legal support you need now.

Serving all of British Columbia

- Family Law
- Personal Injury
- Estate Litigation
- Employment Law
- Immigration Law
- Insurance Denials



We have translators fluent in Hindi and Punjabi.

Book your legal consultation

604 689 8888

simpsonthomas.com

Surrey Office
701 – 13761 96th Avenue
Surrey, BC V3V 0E8

Vancouver Office
501 – 808 Nelson Street
Vancouver, BC V6Z 2H2

Scan QR code to set up a legal consultation with us

**Experienced lawyers for your legal needs.**

@stalawyers

BBB ACCREDITED BUSINESS

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 44 SATURDAY, 28 OCTOBER, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

## ਐਸ ਵਾਈ ਐਲ ਮੁੱਦੇ ਤੇ ਭਗਵੰਤ ਮਾਨ ਨੇ ਬਹਿਸ ਦੀ ਰੂਪ-ਰੇਖਾ ਐਲਾਨੀ



ਚੰਡੀਗੜ੍ਹ-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਹਿਲੀ ਨਵੰਬਰ ਨੂੰ ਖੇਤੀ 'ਵਰਸਿਟੀ ਲੁਧਿਆਣਾ ਦੇ ਕੈਂਪਸ ਵਿਚ ਹੋਣ ਵਾਲੀ 'ਖੁੱਲ੍ਹੀ ਬਹਿਸ' ਦੀ ਅੱਜ ਰੂਪ-ਰੇਖਾ ਐਲਾਨ ਦਿੱਤੀ ਹੈ, ਜਿਸ 'ਤੇ ਕੁੱਝ ਵਿਰੋਧੀ ਧਿਰਾਂ 'ਤੇ ਉਂਗਲ ਵੀ ਉਠਾਈ ਹੈ। ਮੁੱਖ ਮੰਤਰੀ ਨੇ ਅੱਜ ਟਵੀਟ ਕਰਕੇ ਇਸ ਖੁੱਲ੍ਹੀ ਬਹਿਸ ਨੂੰ 'ਮੈਂ ਪੰਜਾਬ ਬੋਲਦਾ ਹਾਂ' ਦੇ ਬੈਨਰ ਹੇਠ ਕਰਾਉਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਖੁੱਲ੍ਹੀ ਬਹਿਸ ਦੌਰਾਨ ਪ੍ਰੋਫੈਸਰ ਨਿਰਮਲ ਜੌੜਾ ਮੰਚ ਸੰਚਾਲਨ ਕਰਨਗੇ। ਭਗਵੰਤ ਮਾਨ ਨੇ ਦੱਸਿਆ ਕਿ ਸੂਬੇ ਵਿੱਚ ਪਿਛਲੇ ਸਮੇਂ ਦੌਰਾਨ ਸੱਤਾ ਵਿੱਚ ਰਹੀਆਂ ਸਾਰੀਆਂ ਸਿਆਸੀ ਧਿਰਾਂ ਬਹਿਸ ਦੌਰਾਨ ਆਪਣਾ ਪੱਖ ਰੱਖਣਗੀਆਂ। ਉਨ੍ਹਾਂ ਕਿਹਾ ਕਿ ਹਰੇਕ ਪਾਰਟੀ ਨੂੰ ਆਪਣਾ ਪੱਖ ਪੇਸ਼ ਕਰਨ ਲਈ 30 ਮਿੰਟ ਦਾ ਸਮਾਂ ਮਿਲੇਗਾ, ਜਿਸ ਵਿੱਚ ਸੂਬੇ ਨਾਲ ਜੁੜੇ ਮਸਲੇ ਉਠਾਏ ਜਾਣਗੇ। ਮੁੱਖ ਮੰਤਰੀ ਨੇ ਪੰਜਾਬ ਦੇ ਲੋਕਾਂ ਨੂੰ ਇਸ ਬਹਿਸ ਵਿੱਚ ਸ਼ਾਮਲ ਹੋਣ ਦੀ *(ਬਾਕੀ ਸਫ਼ਾ 9 'ਤੇ)*

## ਭਗਵੰਤ ਮਾਨ ਖ਼ਿਲਾਫ਼ ਸੋਸ਼ਲ ਮੀਡੀਆ ਤੇ ਟਿੱਪਣੀਆਂ ਕਰਨ ਤੇ ਅਕਾਲੀ ਆਗੂ ਬੰਟੀ ਰੋਮਾਣਾ ਗ੍ਰਿਫ਼ਤਾਰ



ਮੁਹਾਲੀ-ਸੂਫ਼ੀ ਗਾਇਕ ਕੰਵਰ ਗਰੇਵਾਲ ਦੇ ਗੀਤ ਦੀ ਵੀਡੀਓ ਨਾਲ ਛੇੜਛਾੜ ਕਰਕੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਅਪਮਾਨਜਨਕ ਟਿੱਪਣੀਆਂ ਕਰਨ ਦੇ ਮਾਮਲੇ ਵਿੱਚ ਮੁਹਾਲੀ ਪੁਲੀਸ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪਰਮਬੰਸ ਸਿੰਘ ਬੰਟੀ ਰੋਮਾਣਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਬੰਟੀ ਰੋਮਾਣਾ ਖ਼ਿਲਾਫ਼ ਸੂਫ਼ੀ ਗਾਇਕ ਕੰਵਰ ਗਰੇਵਾਲ ਦੇ ਗੀਤ ਦੀ ਵੀਡੀਓ ਨੂੰ ਟੈਂਪਰ ਕਰਕੇ ਵੀਡੀਓ ਆਪਣੇ ਟਵਿੱਟਰ ਅਕਾਊਂਟ 'ਤੇ ਅਪਲੋਡ ਕਰਨ ਦਾ ਦੋਸ਼ ਹੈ, ਜਿਸ ਵਿੱਚ ਅਕਾਲੀ ਆਗੂ ਵੱਲੋਂ ਭੱਦੀਆਂ ਟਿੱਪਣੀਆਂ ਕੀਤੀਆਂ ਗਈਆਂ ਹਨ। ਇਸ ਸਬੰਧੀ ਮੁਹਾਲੀ ਦੇ ਸੈਕਟਰ-70 ਸਥਿਤ ਮਟੌਰ ਥਾਣੇ ਵਿੱਚ ਬੰਟੀ ਰੋਮਾਣਾ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਬੰਟੀ ਰੋਮਾਣਾ ਦੀ ਗ੍ਰਿਫ਼ਤਾਰੀ ਦੀ ਖ਼ਬਰ ਮਿਲਦਿਆਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ ਐੱਸਐੱਸਪੀ ਨੂੰ ਮਿਲਣ ਮੁਹਾਲੀ ਪਹੁੰਚੇ ਅਤੇ ਬਾਅਦ ਵਿੱਚ ਉਨ੍ਹਾਂ ਅਕਾਲੀ ਵਰਕਰਾਂ ਨਾਲ ਮਟੌਰ ਥਾਣੇ ਅੱਗੇ ਧਰਨਾ ਸ਼ੁਰੂ ਕਰ ਦਿੱਤਾ, ਜੋ ਦੇਰ ਸ਼ਾਮ ਤੱਕ ਜਾਰੀ ਸੀ। ਹਾਲਾਂਕਿ ਸੂਫ਼ੀ ਗਾਇਕ ਕੰਵਰ ਗਰੇਵਾਲ ਨੇ ਪੰਜਾਬ ਸਰਕਾਰ ਅਤੇ ਉੱਚ ਅਧਿਕਾਰੀਆਂ ਨੂੰ ਪਹਿਲਾਂ ਹੀ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਉਸ ਵੱਲੋਂ ਅਜਿਹਾ ਕੋਈ ਗੀਤ ਨਹੀਂ ਗਾਇਆ ਗਿਆ ਹੈ, ਬਲਕਿ ਉਸ ਦੇ ਗੀਤ ਨਾਲ ਛੇੜਛਾੜ ਕੀਤੀ ਗਈ ਹੈ, ਜਿਸ ਬਾਰੇ ਉਸ ਨੂੰ ਵੀ ਬਾਅਦ ਵਿੱਚ ਪਤਾ ਲੱਗਾ ਹੈ। ਕੰਵਰ ਗਰੇਵਾਲ ਨੇ ਕਿਹਾ ਕਿ ਸੋਸ਼ਲ ਮੀਡੀਆ ਚੰਗੇ ਸੁਨੇਹੇ ਲਾਉਣ, ਆਪਸੀ ਭਾਈਚਾਰਕ ਸਾਂਝ ਵਧਾਉਣ ਲਈ ਵਧੀਆ ਪਲੈਟਫਾਰਮ ਹੈ, ਇਸ ਦੀ ਸਹੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵੇਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਪੈਸੇਫਿਕ ਅਕੈਡਮੀ ਸਕੂਲ ਦੇ ਵਿਦਿਆਰਥੀ ਗੁਰਦੁਆਰਾ ਸਾਹਿਬ ਬਰੁੱਸਾਈਡ ਵਿਖੇ ਨਤਮਸਤਕ ਹੋਏ

ਸਰੀ (ਹਰਦਮ ਮਾਨ)-ਪੈਸੇਫਿਕ ਅਕੈਡਮੀ ਸਕੂਲ ਦੇ ਨਵੇਂ ਵਿਦਿਆਰਥੀ ਆਪਣੇ ਅਧਿਆਪਕ ਕਰਿਸ ਵੈਨਡਜ਼ੂਰਾ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਨਤਮਸਤਕ ਹੋਏ ਅਤੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਦੇ










ਨਾਲ ਨਾਲ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕੀਤੀ। ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪਬਲਿਕ ਰਿਲੇਸ਼ਨ ਸੈਕਟਰੀ ਸੁਰਿੰਦਰ ਸਿੰਘ ਜੱਬਲ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ ਅਤੇ ਗੁਰਦੁਅਰਾ ਸਾਹਿਬ ਦੀ ਮਰਿਯਾਦਾ, ਸਿੱਖ ਧਰਮ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਸੰਬੰਧੀ ਮੁੱਢਲੀ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਜਗਿਆਸਾ ਪ੍ਰਗਟ ਕਰਦਿਆਂ ਸਿੱਖ ਧਰਮ ਬਾਰੇ ਅਤੇ ਗੁਰਦੁਆਰਾ ਸਾਹਿਬ ਵਿਚ ਦਿਖਾਈ ਦੇ ਰਹੇ ਪਹਿਲੂਆਂ ਬਾਰੇ ਆਪਣੇ ਸਵਾਲ ਵੀ ਪੁੱਛੇ। ਤਕਰੀਬਨ ਇਕ ਘੰਟੇ ਦੇ ਵਿਚਾਰ ਵਟਾਂਦਰੇ ਬਾਅਦ ਇਨ੍ਹਾਂ ਵਿਦਿਆਰਥੀਆਂ ਨੇ ਲੰਗਰ ਹਾਲ ਵਿਚ ਜਾ ਕੇ ਲੰਗਰ ਛਕਿਆ। ਅਧਿਆਪਕ ਕਰਿਸ ਵੈਨਡਜ਼ੂਰਾ ਅਤੇ ਵਿਦਿਆਰਥੀਆਂ ਨੇ ਵਿਦਾਇਗੀ ਲੈਂਦਿਆਂ ਹੋਇਆਂ ਗੁਰਦੁਆਰਾ ਸਾਹਿਬ ਵੱਲੋਂ ਦਿੱਤੀਆਂ ਸੇਵਾਵਾਂ ਲਈ ਸੇਵਾਦਾਰਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਵਰਨਣਯੋਗ ਹੈ ਕਿ ਪੈਸੇਫਿਕ ਅਕੈਡਮੀ ਇਕ ਪ੍ਰਾਈਵੇਟ ਸਕੂਲ ਹੈ ਅਤੇ ਇਸ ਦੇ ਅਧਿਆਪਕ ਕਰਿਸ ਵੈਨਡਜ਼ੂਰਾ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਅਕਸਰ ਹੀ ਲਿਆਉਂਦੇ ਤਾਂ ਜੋ ਵਿਦਿਆਰਥੀ ਦੂਜੇ ਧਰਮ ਤੇ ਸੱਭਿਆਚਾਰ ਤੋਂ ਵੀ ਜਾਣੂੰ ਹੋ ਸਕਣ।

## ਅਲਬਰਟਾ ਵਿਚ ਸਕੂਲ ਬੱਸ ਪਲਟਣ ਨਾਲ 6 ਜ਼ਖ਼ਮੀ

ਐਡਮਿੰਟਨ-ਕੇਂਦਰੀ ਅਲਬਰਟਾ ਵਿਚ ਇਕ ਸਕੂਲ ਬੱਸ ਦੇ ਹਾਦਸੇ ਦਾ ਸ਼ਿਕਾਰ ਹੋਣ ਪਿੱਛੋਂ 6 ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਕੈਲਗਰੀ ਤੋਂ 82 ਕਿਲੋਮੀਟਰ ਦੂਰ ਟਾਊਨਸ਼ਿਪ ਰੋਡ 320 ਵਿਖੇ ਹਾਈਵੇਅ 2ਏ 'ਤੇ ਬੱਸ ਪਲਟ ਗਈ। ਪੁਲਿਸ ਦੇ ਇਕ ਬਿਆਨ ਮੁਤਾਬਿਕ ਦੁਰਘਟਨਾ ਸਮੇਂ ਬੱਸ ਵਿਚ 9 ਵਿਦਿਆਰਥੀ, ਦੋ ਅਧਿਆਪਕ ਤੇ ਡਰਾਈਵਰ ਸਵਾਰ ਸੀ। ਐਮਰਜੈਂਸੀ ਮੈਡੀਕਲ ਸਰਵਸਿਜ਼ ਨੇ ਦੱਸਿਆ ਕਿ ਸਵੇਰੇ 10.30 ਪੈਰਾਮੈਡਿਕਸ ਮੌਕੇ 'ਤੇ ਪੁੱਜੇ ਅਤੇ ਮਰੀਜ਼ਾਂ ਨੂੰ ਐਂਬੂਲੈਂਸ ਰਾਹੀਂ ਕੈਲਗਰੀ ਤੇ ਡਿਡਸਬਰੀ ਦੇ ਹਸਪਤਾਲਾਂ ਵਿਚ ਲੈ ਕੇ ਗਏ।







# ਸਰੀ ਪੁਲਿਸ ਸਰਵਿਸ ਨੂੰ ਅੱਗੇ ਲਿਜਾਣ ਲਈ ਸਰੀ ਨੂੰ 15 ਕਰੋੜ ਡਾਲਰ ਤੋਂ ਜ਼ਿਆਦਾ ਪੈਸੇ ਨਹੀਂ ਮਿਲਣਗੇ-ਪ੍ਰੀਮੀਅਰ

ਵਿਕਟੋਰੀਆ-ਬੀਸੀ ਦੇ ਪ੍ਰੀਮੀਅਰ ਡੇਵਿਡ ਏਬੀ ਨੇ ਕਿਹਾ ਕਿ ਜਨਤਕ ਸੁਰੱਖਿਆ ਮੰਤਰੀ ਮਾਈਕ ਫਾਰਨਵਰਥ ਨੇ ਪਿਛਲੀਆਂ ਗਰਮੀਆਂ ਵਿਚ ਸਰੀ ਆਰਸੀਐਮਪੀ ਤੋਂ ਸਰੀ ਪੁਲਿਸ ਸਰਵਿਸ ਨੂੰ ਤਬਦੀਲੀ ਦੀ ਲਾਗਤ ਵਿਚ ਸਰੀ ਸ਼ਹਿਰ ਦੀ ਮਦਦ ਕਰਨ ਦਾ ਜੋ ਵਾਅਦਾ ਕੀਤਾ ਗਿਆ ਸੀ ਉਸ ਮੁਤਾਬਿਕ ਸਰੀ ਸ਼ਹਿਰ ਨੂੰ ਸਿਰਫ 15 ਕਰੋੜ ਡਾਲਰ ਮਿਲਣਗੇ ਅਤੇ ਇਸ ਤੋਂ ਇਲਾਵਾ ਹੋਰ ਕੋਈ ਵਿੱਤੀ ਮਦਦ ਨਹੀਂ ਮਿਲੇਗੀ। ਵਿਕਟੋਰੀਆ ਵਿਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਏਬੀ ਨੇ ਕਿਹਾ ਕਿ ਹੋਰ ਪੈਸੇ ਨਹੀਂ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਪੈਸੇ ਮਿਲਣ ਦੀ ਕਲਪਣਾ ਮਾਤਰ ਚਰਚਾ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ, ਜਦੋਂ ਮੇਅਰ ਹੋਰ ਖਰਚਿਆਂ ਬਾਰੇ ਗੱਲਬਾਤ ਕਰਦੀ ਹੈ ਤਾਂ ਸਾਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਕਿ ਉਹ ਕਿਸ ਬਾਰੇ ਗੱਲ ਕਰਦੀ ਹੈ ਪਰ ਹੋਰ ਪੈਸਿਆਂ ਦੀ ਗੱਲ ਅਸੰਭਵ ਹੈ। ਮੇਅਰ ਬਰੈਂਡਾ ਲੌਕ ਇਸ ਗੱਲ 'ਤੇ ਕਾਇਮ ਹੈ ਕਿ ਟਰਾਂਜ਼ੀਸ਼ਨ ਦੇ ਖਰਚ ਲਈ ਜੋ 15 ਕਰੋੜ ਡਾਲਰ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ ਇਹ ਪੈਸੇ ਸਰੀ ਵਾਸੀਆਂ 'ਤੇ ਟੈਕਸ ਦਾ ਵੱਡਾ ਵਾਧਾ ਕਰਨ ਤੋਂ ਬਚਣ ਲਈ ਕਾਫੀ ਨਹੀਂ ਹਨ। 16 ਅਕਤੂਬਰ ਨੂੰ ਕੌਂਸਲ ਦੀ ਆਮ ਮੀਟਿੰਗ ਦੌਰਾਨ ਉਨ੍ਹਾਂ ਨੇ ਕਿਹਾ ਕਿ ਉਹ ਇਕ ਵਾਰ ਫਿਰ ਸਪਸ਼ਟ ਕਰਨਾ ਚਾਹੁੰਦੀ ਹੈ ਕਿ ਉਹ ਸੂਬਾ ਯੋਜਨਾ ਨੂੰ ਸਵੀਕਾਰ ਕਰਨ ਲਈ ਇਕ ਪਾਸੇ ਚੁੱਪ ਕਰਕੇ ਨਹੀਂ ਬੈਠੇਗੀ ਜਿਸ ਨਾਲ ਸਰੀ ਕਰਦਾਤਾਵਾਂ 'ਤੇ ਲੱਖਾਂ ਡਾਲਰ ਦਾ ਭਾਰ ਪਵੇਗਾ, ਕਾਫੀ ਜ਼ਿਆਦਾ ਟੈਕਸ ਵਧਾਉਣੇ ਪੈਣਗੇ ਜਿਸ ਦਾ ਜਨਤਕ ਸੁਰੱਖਿਆ ਨੂੰ ਕੋਈ ਲਾਭ ਨਹੀਂ ਹੋਵੇਗਾ। ਇਸ ਤੋਂ ਇਕ ਦਿਨ ਬਾਅਦ ਏਬੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੂਬਾ ਸਰਕਾਰ ਨੇ ਸਰੀ ਨਾਲ ਵਚਨਵੱਧਤਾ ਪ੍ਰਗਟਾਈ ਹੈ ਕਿ ਅਸੀਂ ਉਨ੍ਹਾਂ ਦੀ ਮਦਦ ਕਰਾਂਗੇ, ਅਸੀਂ ਉਨ੍ਹਾਂ ਦੇ ਵਾਧੂ ਕਰਚ ਦੀ ਗੱਲ ਸਮਝਦੇ ਹਾਂ, ਇਸ ਲਈ ਅਸੀਂ ਇਕੱਠੇ ਕੰਮ ਕਰਾਂਗੇ ਅਤੇ ਉਹ ਸਰੀ ਨਾਲ ਇਹ ਵਿਚਾਰ ਚਰਚਾ ਕਰਕੇ ਖੁਸ਼ ਹੈ।



# ਮੈਕਲਮ ਨੇ ਬੈਂਕ ਆਫ ਕੈਨੇਡਾ ਦੀ ਸੁਤੰਤਰਤਾ ਬਾਰੇ ਵਿਸ਼ਵਾਸ਼ ਨੂੰ ਘੱਟ ਕਰਨ ਵਿਰੁੱਧ ਪ੍ਰੀਮੀਅਰਾਂ ਨੂੰ ਦਿੱਤੀ ਚਿਤਾਵਨੀ

ਓਟਵਾ-ਬੈਂਕ ਆਫ ਕੈਨੇਡਾ ਦੇ ਗਵਰਨਰ ਟਿਫ ਮੈਕਲਮ ਨੇ ਤਿੰਨ ਸੂਬਿਆਂ ਦੇ ਪ੍ਰੀਮੀਅਰਾਂ ਨੂੰ ਪਿਛਲੇ ਮਹੀਨੇ ਚਿਤਾਵਨੀ ਦਿੱਤੀ ਕਿ ਉਨ੍ਹਾਂ ਦਾ ਵਿਆਜ ਦਰਾਂ ਵਿਚ ਵਾਧਾ ਰੋਕਣ ਦਾ ਸੱਦਾ ਸੈਂਟਰਲ ਬੈਂਕ ਦੀ ਆਜ਼ਾਦੀ ਵਿਚ ਲੋਕਾਂ ਦੇ ਭਰੋਸੇ ਨੂੰ ਕਮਜ਼ੋਰ ਕਰ ਸਕਦਾ ਹੈ। ਸਤੰਬਰ ਦੇ ਸ਼ੁਰੂ ਵਿਚ ਓਨਟਾਰੀਓ, ਬ੍ਰਿਟਿਸ਼ ਕੋਲੰਬੀਆ ਅਤੇ ਨਿਊਫਾਊਂਡਲੈਂਡ ਅਤੇ ਲੈਬਰਾਡੋਰ ਦੇ ਪ੍ਰੀਮੀਅਰਾਂ ਨੇ ਮੈਕਲਮ ਨੂੰ ਜਨਤਕ ਚਿੱਠੀਆਂ ਰਾਹੀਂ ਮੁਦਰਾ ਨੀਤੀ ਨੂੰ ਸਖਤ ਕਰਨ ਤੋਂ ਰੋਕਣ ਦੀ ਅਪੀਲ ਕੀਤੀ ਸੀ। ਇਸ ਪਿੱਛੋਂ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਇਕ ਹੋਰ ਪੱਤਰ ਲਿਖ ਕੇ ਬੈਂਕ ਨੂੰ ਆਉਣ ਵਾਲੇ ਸਮੇਂ ਵਿਚ ਦਰਾਂ ਸਬੰਧੀ ਲਏ ਜਾਣ ਵਾਲੇ ਫ਼ੈਸਲੇ ਵਿਚ ਵਿਆਜ ਦਰਾਂ ਵਿਚ ਵਾਧਾ ਰੋਕਣ ਲਈ ਕਿਹਾ ਸੀ। ਸੈਂਟਰਲ ਬੈਂਕ ਦੇ ਗਵਰਨਰ ਵਲੋਂ ਪ੍ਰੀਮੀਅਰਾਂ ਦੇ ਦਖਲ ਬਾਰੇ ਚਿੰਤਾ ਜ਼ਾਹਿਰ ਕਰਨ ਦੇ ਬਾਵਜੂਦ ਫੋਰਡ ਨੇ ਦੂਸਰਾ ਪੱਤਰ ਲਿਖ ਦਿੱਤਾ। ਮੈਕਲਮ ਨੇ ਕਿਹਾ ਸੀ ਕਿ ਇਸ ਨਾਲ ਇਹ ਧਾਰਨਾ ਪੈਦਾ ਹੋ ਸਕਦੀ ਹੈ ਕਿ ਬੈਂਕ ਵਿਚ ਰਾਜਨੀਤਕ ਦਖਲ ਦਿੱਤਾ ਜਾ ਰਿਹਾ ਹੈ। ਮੈਕਲਮ ਦੇ ਪੱਤਰ ਦੀ ਸਮੱਗਰੀ ਨੂੰ ਪਹਿਲੀ ਵਾਰ ਕੈਨੇਡੀਅਨ ਪ੍ਰੈਸ ਨੇ ਪ੍ਰਕਾਸ਼ਤ ਕੀਤਾ ਸੀ। ਸੈਂਟਰਲ ਬੈਂਕ ਸਰਕਾਰ ਤੋਂ ਸੁਤੰਤਰ ਰੂਪ ਵਿਚ ਵਿਆਜ ਦਰਾਂ ਤੈਅ ਕਰਦੀ ਹੈ ਅਤੇ ਦੂਸਰੇ ਮੁਦਰਾ ਨੀਤੀ ਫ਼ੈਸਲੇ ਲੈਂਦੀ ਹੈ। ਇਹ ਗੱਲ ਇਸ ਨੂੰ ਗੈਰ ਲੋਕਪ੍ਰਿਯ ਫ਼ੈਸਲੇ ਲੈਣ ਦੀ ਇਜਾਜ਼ਤ ਦਿੰਦੀ ਹੈ ਜਿਹੜੇ ਕਈ ਵਾਰ ਮਹਿੰਗਾਈ ਨੂੰ ਕੰਟਰੋਲ ਵਿਚ ਰੱਖਣ ਲਈ ਲੈਣੇ ਪੈਂਦੇ ਹਨ।



# ਪ੍ਰੀਮੀਅਰ ਏਬੀ ਵਲੋਂ 'ਸੇਬਾ ਕਰਜ਼ਿਆਂ ਨੂੰ ਲੈ ਕੇ ਲੈਂਗਲੀ ਚੈਂਬਰ ਆਫ ਕਾਮਰਸ ਦਾ ਸਮਰਥਨ

ਵਿਕਟੋਰੀਆ-ਬੀਸੀ ਦੇ ਪ੍ਰੀਮੀਅਰ ਡੇਵਿਡ ਏਬੀ ਨੇ ਦੂਸਰੇ ਸੂਬਾਈ ਤੇ ਟੈਰੀਟੋਰੀਅਲ ਨੇਤਾਵਾਂ ਨਾਲ ਫੈਡਰਲ ਸਰਕਾਰ ਨੂੰ ਇਕ ਸਾਂਝਾ ਪੱਤਰ ਲਿਖ ਕੇ ਕੈਨੇਡਾ ਐਮਰਜੈਂਸੀ ਬਿਜਨਸ ਅਕਾਊਂਟ (ਸੇਬਾ) ਕਰਜ਼ਿਆਂ ਦੀ ਵਾਪਸੀ (ਰੀਪੇਮੈਂਟ) ਦੀ ਸਮਾਂ-ਸਾਰਣੀ ਵਧਾਉਣ ਦਾ ਸੱਦਾ ਦਿੱਤਾ ਹੈ। ਚੈਂਬਰ ਦੇ ਸੀਈਓ ਕੋਰੀ ਰੇਡੇਕੋਪ ਨੇ ਕਿਹਾ ਕਿ ਜੇਕਰ ਸਰਕਾਰ ਇਸ ਸਮੇਂ ਦੀ ਹੱਦ ਨੂੰ ਵਧਾਉਣ ਲਈ ਕੰਮ ਨਹੀਂ ਕਰਦੀ ਤਾਂ ਬਹੁਤ ਸਾਰੇ ਸਥਾਨਕ ਕਾਰੋਬਾਰਾਂ ਨੂੰ ਕਰਜ਼ੇ ਦੇ ਮੁਆਫ ਹੋਣ ਯੋਗ ਹਿੱਸੇ ਨੂੰ ਗੁਆਉਣ ਦੇ ਆਸਾਰਾਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਫਿਰ ਅਚਾਨਕ ਹਜ਼ਾਰਾਂ ਡਾਲਰ ਦੇ ਕਰਜ਼ੇ ਚੁੱਕਣੇ ਪੈਣਗੇ। ਇਹ ਗੱਲ ਕੁਝ ਕਾਰੋਬਾਰਾਂ ਲਈ ਘਾਤਕ ਸਿੱਧ ਹੋਵੇਗੀ। ਸੇਬਾ ਲੋਨ ਪ੍ਰੋਗਰਾਮ ਕੋਵਿਡ-19 ਮਹਾਂਮਾਰੀ ਦੇ ਸ਼ੁਰੂਆਤੀ ਹਿੱਸੇ ਦੌਰਾਨ ਸ਼ੁਰੂ ਕੀਤੇ ਗਏ ਪ੍ਰੋਗਰਾਮਾਂ ਵਿਚੋਂ ਇਕ ਸੀ। ਸੇਬਾ ਨੇ ਛੋਟੇ ਕਾਰੋਬਾਰਾਂ ਤੇ ਗੈਰ-ਮੁਨਾਫਾ ਸੰਗਠਨਾਂ ਨੂੰ 60 ਹਜ਼ਾਰ ਡਾਲਰ ਤਕ ਵਿਆਜ ਮੁਕਤ ਕਰਜ਼ਾ ਦਿੱਤਾ ਸੀ। ਗਰੇਟਰ ਲੈਂਗਲੀ ਚੈਂਬਰ ਆਫ ਕਾਮਰਸ ਨੇ ਛੋਟੇ ਕਾਰੋਬਾਰਾਂ ਵਲੋਂ ਫੈਡਰਲ ਕਰਜ਼ੇ ਦੀ ਵਾਪਸੀ ਲਈ ਸਮੇਂ ਦੀ ਹੱਦ ਵਧਾਉਣ ਬਾਰੇ ਪ੍ਰੀਮੀਅਰ ਏਬੀ ਦੇ ਤਾਜ਼ਾ ਕਦਮ 'ਤੇ ਖੁਸ਼ੀ ਜ਼ਾਹਿਰ ਕੀਤੀ ਹੈ।

# ਆਈ.ਆਰ.ਸੀ.ਸੀ. ਨੂੰ ਭਾਰਤ ਨਾਲ ਵੀਜ਼ਾ ਪ੍ਰੋਕਿਰਿਆ 2024 ਦੇ ਸ਼ੁਰੂ ਤਕ ਆਮ ਵਾਂਗ ਹੋਣ ਦੀ ਆਸ

ਓਟਵਾ-ਕੈਨੇਡੀਅਨ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਦੀ ਪਿਛਲੇ ਦਿਨੀ ਹੋਈ ਇਕ ਪ੍ਰੈਸ ਕਾਨਫਰੰਸ ਵਿਚ ਖੁਲਾਸਾ ਕੀਤਾ ਗਿਆ ਸੀ ਕਿ ਕੈਨੇਡਾ ਤੇ ਭਾਰਤ ਵਿਚਕਾਰ ਚਲ ਰਹੇ ਵਿਵਾਦ ਕਰਨ ਭਾਰਤੀ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਹੌਲੀ ਹੋ ਜਾਵੇਗੀ ਫਿਰ ਵੀ ਆਈਆਰਸੀਸੀ ਨੂੰ ਭਾਰਤ ਨਾਲ ਨਾਲ ਵੀਜ਼ਾ ਪ੍ਰਕਿਰਿਆ 2024 ਦੇ ਸ਼ੁਰੂ ਤਕ ਆਮ ਵਾਂਗ ਹੋਣ ਦੀ ਆਸ ਹੈ। ਉਸ ਸਮੇਂ ਮਿਲਰ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਕੈਨੇਡਾ ਵਿਚ ਭਾਰਤ ਤੋਂ ਨਵੇਂ ਆਉਣ ਵਾਲੇ ਲੋਕ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ ਅਤੇ ਇਮੀਗਰੇਸ਼ਨ, ਰਿਫਊਜ਼ੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਉਨ੍ਹਾਂ ਦਾ ਸਵਾਗਤ ਕਰਨਾ ਜਾਰੀ ਰੱਖੇਗਾ। ਇਸ ਮੌਕੇ ਜਦੋਂ ਇਹ ਪੁੱਛਿਆ ਗਿਆ ਕਿ ਜਦੋਂ ਤਕ ਵੀਜ਼ਾ ਪ੍ਰਕਿਰਿਆ ਆਮ ਵਾਂਗ ਹੋਵੇਗੀ ਉਦੋਂ ਤਕ ਕਿੰਨ ਬੈਕਲਾਗ ਵੱਡਾ ਹੋਣ ਦੀ ਆਸ ਹੈ ਤਾਂ ਆਈਆਰਸੀਸੀ ਦੇ ਸੀਨੀਅਰ ਅਧਿਕਾਰੀਆਂ ਜਿਨ੍ਹਾਂ ਨੇ ਕੈਨੇਡਾ ਦੇ ਇਸ ਤੋਂ ਪ੍ਰਭਾਵਤ ਹੋਣ ਵਾਲੇ ਲੋਕਾਂ ਨੂੰ ਜਾਣਕਾਰੀ ਦਿੱਤੀ ਨੇ ਕਿਹਾ ਕਿ ਉਹ ਆਸ ਕਰਦੇ ਹਨ ਕਿ ਭਾਰਤ ਵਿਚ ਸਟਾਫ ਘਟਣ ਨਾਲ ਅਗਲੇ ਦੋ ਮਹੀਨਿਆਂ ਵਿਚ ਕੈਨੇਡਾ ਦੀ ਗਲੋਬਲ ਇਮੀਗ੍ਰੇਸ਼ਨ ਪ੍ਰਣਾਲੀ ਵਿਚ 17500 ਅਰਜ਼ੀ ਅੰਤਿਮ ਫ਼ੈਸਲਿਆਂ ਲਈ ਬੈਕਲਾਗ ਬਣ ਸਕਦੀਆਂ ਹਨ ਪਰ ਸਰਕਾਰ 2024 ਦੇ ਸ਼ੁਰੂ ਤਕ ਪ੍ਰਕਿਰਿਆ ਆਮ ਵਾਂਗ ਹੋ ਜਾਣ ਦੀ ਆਸ ਕਰਦੀ ਹੈ। ਭਾਰਤ ਵਿਚੋਂ ਵਾਪਸ ਲਿਆਂਦੇ 22 ਇਮੀਗ੍ਰੇਸ਼ਨ ਸਟਾਫ ਮੈਂਬਰਾਂ ਦੇ ਮੁੜ ਸਥਾਪਤ ਹੋਣ ਅਤੇ ਕੈਨੇਡਾ ਤੇ ਫਿਲਪਾਈਨ ਵਿਚ ਮੁੜ ਕੰਮ 'ਤੇ ਆਉਣ ਨਾਲ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਆਮ ਸਥਿਤੀ 'ਤੇ ਲਿਆਂਦਾ ਜਾ ਸਕਦਾ ਹੈ। ਵੀਜ਼ਾ ਅਰਜ਼ੀ ਪ੍ਰਕਿਰਿਆ ਦੇ ਹੌਲੀ ਹੋਣ ਦੇ ਕਾਰਨ ਬਾਰੇ ਪੁੱਛੇ ਜਾਣ 'ਤੇ ਦੱਸਿਆ ਗਿਆ ਕਿ ਭਾਰਤ ਨੇ 21 ਕੂਟਨੀਤਕਾਂ ਨੂੰ ਛੱਡ ਕੇ ਬਾਕੀ ਸਾਰੇ ਕੂਟਨੀਤਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ 20 ਅਕਤੂਬਰ 2023 ਤਕ ਕੂਟਨੀਤਕ ਛੋਟ ਖਤਮ ਕਰਨ ਦੀ ਯੋਜਨਾ ਬਣਾਈ ਸੀ। ਇਸ ਦਾ ਮਤਲਬ 41 ਕੈਨੇਡੀਅਨ ਡਿਪਲੋਮੈਟਾਂ ਅਤੇ ਉਨ੍ਹਾਂ ਦੇ 42 ਆਸ਼ਰਤਾਂ ਦੀਆਂ ਰਿਆਇਤਾਂ ਖੋਹੇ ਜਾਣ ਦੀ ਖ਼ਤਰਾ ਸੀ। ਆਈਆਰਸੀਸੀ ਦੇ ਬਿਆਨ ਮੁਤਾਬਿਕ ਕੂਟਨੀਤਕ ਵਿਸ਼ੇਸ਼ ਅਧਿਕਾਰ ਅਤੇ ਛੋਟਾਂ ਨੂੰ ਰੱਦ ਕਰਨਾ ਅੰਤਰਰਾਸ਼ਟਰੀ ਕਾਨੂੰਨ ਦੇ ਉਲਟ ਹੈ ਅਤੇ ਭਾਰਤ ਵਲੋਂ ਕੀਤੀ ਗਈ ਇਹ ਕਾਰਵਾਈ ਗੈਰਵਾਜਬ ਅਤੇ ਤਣਾਅ ਵਧਾਉਣ ਵਾਲੀ ਹੈ। ਭਾਰਤ ਨੇ ਉਸ ਹਰੇਕ ਡਿਪਲੋਮੈਟ ਨੂੰ ਮਾਨਤਾ ਦਿੱਤੀ ਸੀ ਜਿਨ੍ਹਾਂ ਨੂੰ ਉਹ ਹੁਣ ਕੱਢ ਰਹੇ ਹਨ, ਭਾਵੇਂ ਉਹ ਆਪਣੇ ਫਰਜ਼ਾਂ ਨੂੰ ਚੰਗੀ ਭਾਵਨਾ ਅਤੇ ਦੋਵਾਂ ਦੇਸ਼ਾਂ ਦੇ ਵੱਡੇ ਫਾਇਦੇ ਲਈ ਨਿਭਾਅ ਰਹੇ ਸਨ। ਆਈਆਰਸੀਸੀ ਦਾ ਕਹਿਣਾ ਕਿ ਵੱਡੇ ਪੱਧਰ 'ਤੇ ਕੂਟਨੀਤਕਾਂ ਨੂੰ ਕੱਢੇ ਜਾਣ ਕਾਰਨ ਕੰਮਕਾਜ 'ਤੇ ਅਸਰ ਪਵੇਗਾ ਅਤੇ ਗਾਹਕ ਸੇਵਾ ਪ੍ਰਭਾਵਤ ਹੋਵੇਗੀ।




UNI GLOBAL IMMIGRATION
CONSULTING SERVICES LTD.
*Your Dream......Our Passion*
**For All Your Immigration Related Needs**
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜ਼ੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

## ਸਰੀ ਵਿਚ 2023 'ਚ ਹੁਣ ਤਕ 6 ਪੈਦਲ ਯਾਤਰੀਆਂ ਦੀ ਹਾਦਸੇ ਵਿਚ ਮੌਤ ਹੋਈ

ਸਰੀ-ਇਸ ਸਾਲ ਸਰੀ ਵਿਚ ਹੁਣ ਤਕ 6 ਪੈਦਲ ਯਾਤਰੀਆਂ ਦੀ ਦੁਰਘਟਨਾਵਾਂ ਵਿਚ ਮੌਤ ਹੋ ਚੁੱਕੀ ਹੈ ਜਦਕਿ ਆਈਸੀਬੀਸੀ ਪੈਦਲ ਯਾਤਰੀਆਂ ਦੀਆਂ ਮੌਤਾਂ ਤੇ ਜ਼ਖ਼ਮੀ ਹੋਣ, ਖ਼ਾਸਕਰ ਅਕਤੂਬਰ ਤੇ ਜਨਵਰੀ ਵਿਚਕਾਰ ਮੌਤਾਂ ਹੋਣ ਤੇ ਸੱਟਾਂ ਲੱਗਣ ਦੀਆਂ ਘਟਨਾਵਾਂ ਵਿਚ ਤਿੱਖੇ ਵਾਧੇ ਦੇ ਜਵਾਬ ਵਿਚ ਪੈਦਲ ਯਾਤਰੀ ਸੁਰੱਖਿਆ ਮਹੀਨਾ ਮਨਾ ਰਿਹਾ ਹੈ। 2022 ਵਿਚ ਸਰੀ ਦੀਆਂ ਸੜਕਾਂ 'ਤੇ 8 ਪੈਦਲ ਯਾਤਰੀਆਂ ਦੀ ਮੌਤ ਹੋਈ ਸੀ। ਆਈਸੀਬੀਸੀ ਮੁਤਾਬਿਕ ਪੈਦਲ ਯਾਤਰੀਆਂ ਨਾਲ ਸਬੰਧਤ 43 ਫ਼ੀਸਦੀ ਦੁਰਘਟਨਾਵਾਂ ਉਪਰੋਕਤ ਮਹੀਨਿਆਂ ਵਿਚ ਹੁੰਦੀਆਂ ਹਨ ਕਿਉਂਕਿ ਮੌਸਮ ਖਰਾਬ ਹੁੰਦਾ ਹੈ ਅਤੇ ਸੜਕ 'ਤੇ ਦੇਖਣ ਵਿਚ ਮੁਸ਼ਕਿਲ ਆਉਂਦੀ ਹੈ। ਬੀਸੀ ਵਿਚ ਸਾਲਾਨਾ ਔਸਤਨ 53 ਪੈਦਲ ਯਾਤਰੀਆਂ ਦੀ ਮੌਤ ਹੁੰਦੀ ਹੈ ਅਤੇ 2300 ਤੋਂ ਵੀ ਜ਼ਿਆਦਾ ਜ਼ਖ਼ਮੀ ਹੁੰਦੇ ਹਨ। ਹਰੇਕ ਸਾਲ ਲੋਅਰ ਮੇਨਲੈਂਡ ਵਿਚ ਔਸਤਨ 1434 ਪੈਦਲ ਯਾਤਰੀ 2029 ਦੁਰਘਟਨਾਵਾਂ ਵਿਚ ਜ਼ਖ਼ਮੀ ਹੁੰਦੇ ਹਨ। ਪੈਦਲ ਯਾਤਰੀਆਂ ਦੀਆਂ 78 ਫ਼ੀਸਦੀ ਦੁਰਘਟਨਾਵਾਂ ਚੌਰਾਹਿਆਂ 'ਤੇ ਹੁੰਦੀਆਂ ਹਨ। ਸੜਕ ਸੁਰੱਖਿਆ ਬਾਰੇ ਆਈਸੀਬੀਸੀ ਦੇ ਡਾਇਰੈਕਟਰ ਸ਼ਬਨਮ ਅਫਜ਼ਲ ਸਾਨੂੰ ਯਾਦ ਦਿਵਾਉਂਦੇ ਹਨ ਕਿ ਅਸੀਂ ਕਦੇ ਨਾ ਕਦੇ ਸਾਰੇ ਪੈਦਲ ਯਾਤਰੀ ਹੁੰਦੇ ਹਾਂ। ਹਰੇਕ ਪੈਦਲ ਯਾਤਰੀ ਹਾਦਸੇ ਤੋਂ ਬਚਿਆ ਜਾ ਸਕਦਾ ਹੈ। ਤੁਹਾਡੇ ਵਲੋਂ ਮੋਟਰ ਗੱਡੀ ਚਲਾਉਣ ਦੇ ਤਰੀਕੇ ਵਿਚ ਛੋਟੀਆਂ ਤਬਦੀਲੀਆਂ ਵੀ ਵੱਡਾ ਪ੍ਰਭਾਵ ਪਾਉਂਦੀਆਂ ਹਨ। ਜਦੋਂ ਪੈਦਲ ਯਾਤਰੀ ਦਿਸਣ ਤਾਂ ਗੱਡੀ ਨੂੰ ਹੌਲੀ ਕਰ ਲਉ ਅਤੇ ਉਨ੍ਹਾਂ ਦੇ ਸੜਕ ਪਾਰ ਕਰਨ ਦੇ ਅਧਿਕਾਰ ਨੂੰ ਯਕੀਨੀ ਬਣਾਉ ਅਤੇ ਹਮੇਸ਼ਾ ਧਿਆਨ ਭਟਕਣ ਤੋਂ ਬਚੋ। ਆਈਸੀਬੀਸੀ ਨੇ ਡਰਾਈਵਰਾਂ ਤੇ ਪੈਦਲ ਯਾਤਰੀਆਂ ਲਈ ਸੁਝਾਅ ਵੀ ਪੇਸ਼ ਕੀਤੇ ਹਨ।

## ਵਾਟਰ ਸਪਲਾਈ ਵਿਚ ਸੀਵਰੇਜ ਦਾ ਪਾਣੀ ਲੀਕ ਹੋਣ ਪਿੱਛੋਂ ਅਲਬਰਟਾ ਦੇ ਕਸਬੇ ਵਿਚ ਐਮਰਜੈਂਸੀ ਦਾ ਐਲਾਨ

ਕੋਚਰੇਨ-ਅਲਬਰਟਾ ਦੀ ਇਕ ਕਮਿਊਨਿਟੀ ਜਿਥੇ ਦੁਰਘਟਨਾ ਕਾਰਨ ਸੀਵਰੇਜ ਦਾ ਪਾਣੀ ਇਕ ਨਦੀ ਵਿਚ ਵਹਿ ਗਿਆ ਜਿਥੋਂ ਕੈਲਗਰੀ ਨੂੰ ਪਾਣੀ ਦੀ ਸਪਲਾਈ ਹੁੰਦੀ ਹੈ ਨੇ ਸਥਾਨਕ ਐਮਰਜੈਂਸੀ ਦਾ ਐਲਾਨ ਕੀਤਾ ਹੈ। ਕੈਲਗਰੀ ਦੇ ਪੱਛਮ ਵਿਚ ਪੈਂਦੇ ਪਿੰਡ ਕੋਚਰੇਨ ਨੇ ਕਿਹਾ ਕਿ ਕਸਬੇ ਵਲੋਂ ਕੰਮ ਨੂੰ ਮੁਕੰਮਲ ਕਰ ਰਹੇ ਠੇਕੇਦਾਰ ਨੇ ਗੰਦੇਪਾਣੀ ਤੇ ਵਾਟਰ ਪਾਇਪ ਲਾਈਨਾਂ ਨੂੰ ਪ੍ਰਭਾਵਤ ਕੀਤਾ ਹੈ ਕਿਉਂਕਿ ਉਹ ਖੁਦਾਈ ਕਰ ਰਿਹਾ ਸੀ ਸਿੱਟੇ ਵਜੋਂ ਸੀਵਰੇਜ ਪਾਇਪ ਲਾਈਨ ਟੁੱਟ ਗਈ ਜਿਸ ਕਾਰਨ ਗੰਦਾ ਪਾਣੀ ਬੋਅ ਰਿਵਰ ਵਿਚ ਜਾਣਾ ਸ਼ੁਰੂ ਹੋ ਗਿਆ। ਕਸਬਾ ਜਿੰਨਾ ਛੇਤੀ ਸੰਭਵ ਹੋ ਸਕੇ ਅਜੇ ਵੀ ਨੁਕਸਾਨ ਗ੍ਰਸਤ ਪਾਈਪ ਨੂੰ ਮੁਰੰਮਤ ਕਰਨ ਅਤੇ ਲੀਕੇਜ ਨੂੰ ਘੱਟ ਤੋਂ ਘੱਟ ਕਰਨ ਲਈ ਠੇਕੇਦਾਰ ਨਾਲ ਕੰਮ ਕਰ ਰਿਹਾ ਹੈ। ਭਾਵੇਂ ਪਾਣੀ ਪੀਣ ਲਈ ਸੁਰੱਖਿਅਤ ਹੈ ਪਰ ਕੋਚਰੇਨ ਵੈੱਬਸਾਈਟ ਨੇ ਅਪਡੇਟ ਪੋਸਟ ਵਿਚ ਚਿਤਾਵਨੀ ਦਿੱਤੀ ਕਿ ਪਾਣੀ ਦਾ ਭੰਡਾਰ ਨਾਜ਼ੁਕ ਸਥਿਤੀ 'ਤੇ ਪਹੁੰਚ ਗਿਆ ਹੈ। ਕਸਬੇ ਨੇ ਉੱਚ ਪ੍ਰੈਸ਼ਰ ਵਾਲੀ ਵਾਟਰ ਲਾਈਨ ਤੋਂ ਲੀਕੇਜ ਹੋਣ ਜਿਸ ਨੇ ਭੰਡਾਰਾਂ ਨੂੰ ਭਰੀ ਰੱਖਣ ਦੀ ਗੱਲ ਲਈ ਚੁਣੌਤੀ ਪੈਦਾ ਕਰ ਦਿੱਤੀ ਸੀ ਕਾਰਨ ਪਹਿਲਾਂ ਹੀ ਪਾਣੀ ਦੀ ਸੰਭਾਲ ਲਈ ਉਪਾਅ ਲਾਗੂ ਕੀਤੇ ਹੋਏ ਹਨ।



## ਕੈਬਨਿਟ ਮੰਤਰੀ ਮੀਤ ਹੇਅਰ ਦਾ ਡਾਕਟਰ ਕੁੜੀ ਨਾਲ ਵਿਆਹ 7 ਨਵੰਬਰ ਨੂੰ

ਚੰਡੀਗੜ੍ਹ-ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦਾ ਵਿਆਹ ਉੱਤਰ ਪ੍ਰਦੇਸ਼ ਦੇ ਮੇਰਠ 'ਚ ਰਹਿਣ ਵਾਲੀ ਡਾ. ਗੁਰਵੀਨ ਕੌਰ ਨਾਲ 7 ਨਵੰਬਰ ਨੂੰ ਚੰਡੀਗੜ੍ਹ ਵਿੱਚ ਹੋਵੇਗਾ ਤੇ 8 ਨਵੰਬਰ ਨੂੰ ਰਿਸੈਪਸ਼ਨ ਰੱਖੀ ਗਈ ਹੈ। ਡਾ. ਗੁਰਵੀਨ ਕੌਰ ਪੇਸ਼ੇ ਤੋਂ ਡਾਕਟਰ ਹੈ। ਡਾ. ਗੁਰਵੀਨ ਕੌਰ ਦੇ ਪਿਤਾ ਭੁਪਿੰਦਰ ਸਿੰਘ ਬਾਜਵਾ ਭਾਰਤੀ ਓਲੰਪਿਕ ਐਸੋਸੀਏਸ਼ਨ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਹਨ ਅਤੇ ਉਨ੍ਹਾਂ ਨੇ ਹਾਲ ਹੀ ਵਿੱਚ ਹਾਂਗਜ਼ੂ 'ਚ ਹੋਈਆਂ ਏਸ਼ਿਆਈ ਖੇਡਾਂ ਦੌਰਾਨ ਭਾਰਤੀ ਦਲ ਲਈ ਸੇਵਾਵਾਂ ਨਿਭਾਈਆਂ ਸਨ। ਜਾਣਕਾਰੀ ਅਨੁਸਾਰ ਖੇਡ ਮੰਤਰੀ ਦੀ ਮੰਗਣੀ 29 ਅਕਤੂਬਰ ਨੂੰ ਮੇਰਠ ਵਿੱਚ ਹੋਵੇਗੀ। ਪੰਜਾਬ ਵਿੱਚ 'ਆਪ' ਦੀ ਸਰਕਾਰ ਬਣਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ, ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਰਾਜ ਸਭਾ ਮੈਂਬਰ ਰਾਘਵ ਚੱਢਾ, ਵਿਧਾਇਕਾ ਨਰਿੰਦਰ ਕੌਰ ਭਰਾਜ ਵਿਆਹ ਬੰਧਨ ਵਿਚ ਬੱਝ ਚੁੱਕੇ ਹਨ।

## ਰਾਜਸੀ ਧੱਕੇਸ਼ਾਹੀ ਕਾਰਨ ਚੁੱਪ ਕਰਕੇ ਨਹੀਂ ਬੈਠਾਂਗੇ-ਸਟੂਡੈਂਟ ਯੂਨੀਅਨ

ਟੋਰਾਂਟੋ-ਯੂਟੀਐਮ ਸਟੂਡੈਂਟਸ ਯੂਨੀਅਨ ਜਿਹੜੀ 15000 ਅੰਡਰ ਗਰੈਜੂਏਟ ਵਿਦਿਆਰਥੀਆਂ ਦੀ ਪ੍ਰਤੀਨਿਧਤਾ ਕਰਦੀ ਹੈ ਨੇ ਕਿਹਾ ਕਿ ਮੰਤਰੀ ਨੇ ਸੰਸਦੀ ਵਿਸ਼ੇਸ਼ ਅਧਿਕਾਰ ਜਿਹੜਾ ਲੈਜਿਸਲੇਚਰ ਵਿਚ ਕੀਤੀਆਂ ਟਿੱਪਣੀਆਂ ਲਈ ਮੈਂਬਰਾਂ ਨੂੰ ਨਾਗਰਿਕ ਜ਼ਿੰਮੇਵਾਰੀ ਤੋਂ ਬਚਾਉਂਦਾ ਹੈ ਦੀ ਸੁਰੱਖਿਆ ਵਿਚ ਉਨ੍ਹਾਂ ਬਾਰੇ ਗਲਤ ਬਿਆਨ ਦਿੱਤੇ ਹਨ। ਯੂਨੀਵਰਸਿਟੀ ਆਫ ਟੋਰਾਂਟੋ ਮਿਸੀਸਾਗਾ ਦੇ ਵਿਦਿਆਰਥੀ ਨੇਤਾਵਾਂ ਦਾ ਕਹਿਣਾ ਕਿ ਕਾਲਜਾਂ ਤੇ ਯੂਨੀਵਰਸਿਟੀਆਂ ਬਾਰੇ ਓਨਟਾਰੀਓ ਦੀ ਮੰਤਰੀ ਡਨਲਪ ਨੇ ਸੂਬਾ ਲੈਜਿਸਲੇਚਰ ਵਿਚ ਉਨ੍ਹਾਂ ਨੂੰ ਬਦਨਾਮ ਕੀਤਾ ਅਤੇ ਸਰਕਾਰ ਦੀ ਬੋਲਣ ਦੀ ਆਜ਼ਾਦੀ ਪ੍ਰਤੀ ਵਚਨਬੱਧਤਾ ਨਾਲ ਧੋਖਾ ਕੀਤਾ ਹੈ। ਪਿਛਲੇ ਹਫ਼ਤੇ ਕਿਊਨ ਪਾਰਕ ਵਿਖੇ ਸੰਬੋਧਨ ਕਰਦਿਆਂ ਮਿਸ ਡਨਲਪ ਨੇ ਯੌਰਕ ਯੂਨੀਵਰਸਿਟੀ ਦੀਆਂ ਤਿੰਨ ਯੂਨੀਅਨਾਂ ਦੇ ਨਾਲ ਯੂਟੀਐਮ ਦੇ ਬਿਆਨ ਨੂੰ ਭਿਆਨਕ ਆਖਿਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਹਮਾਸ ਦੀਆਂ ਕਾਰਵਾਈਆਂ, ਜਬਰਜਨਾਹ, ਤਸ਼ੱਦਦ ਅਤੇ ਸਮੂਹਿਕ ਕਤਲੇਆਮ ਦੀ ਬਚਾਅ ਕੀਤਾ ਹੈ। ਯੂਟੀਐਮ ਨੇ ਕਿਹਾ ਕਿ ਸਾਡੀ ਵਿਦਿਆਰਥੀ ਯੂਨੀਅਨ ਲਗਾਤਾਰ ਸ਼ਾਂਤੀ ਅਤੇ ਆਮ ਨਾਗਰਿਕਾਂ ਦੀ ਸੁਰੱਖਿਆ ਦੀ ਮੰਗ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਜਿਲ ਡਨਲਪ ਜਾਂ ਕਿਸੇ ਹੋਰ ਦੀ ਧੱਕੇਸ਼ਾਹੀ ਜਾਂ ਧਮਕੀਆਂ ਕਾਰਨ ਚੁੱਪ ਕਰਕੇ ਨਹੀਂ ਬੈਠਾਂਗੇ।

## ਬੀਸੀ ਯੂਨਾਈਟਡ ਨੇ ਪ੍ਰੀਮੀਅਰ ਦੀ ਜਾਇਦਾਦ ਵਿਕਰੀ ਨੂੰ ਲੈ ਕੇ ਉਨ੍ਹਾਂ ਨੂੰ ਆਖਿਆ 'ਕੰਡੋ ਕਿੰਗ'

ਵਿਕਟੋਰੀਆ-ਨਿਊ ਡੈਮੋਕਰੈਟ ਸਰਕਾਰ ਦੀ ਥੋੜ੍ਹੇ ਸਮੇਂ ਦੀ ਕਿਰਾਇਆ ਰਿਹਾਇਸ਼ਾਂ ਸਬੰਧੀ ਪ੍ਰਸਤਾਵਤ ਕਾਨੂੰਨ ਕਾਰਨ ਵਿਕਟੋਰੀਆ ਵਿਚ ਪ੍ਰੀਮੀਅਰ ਡੇਵਿਡ ਏਬੀ ਦੀ ਕੋਂਡੋਮੋਨੀਅਮ ਦੀ ਵਿਕਰੀ ਚਰਚਾ ਦਾ ਵਿਸ਼ਾ ਬਣ ਗਈ ਹੈ। ਵਿਰੋਧੀ ਧਿਰ ਬੀਸੀ ਯੂਨਾਈਟਡ ਨੇ ਏਬੀ 'ਤੇ 2019 ਵਿਚ ਆਪਣੇ ਕੋਂਡਾਮੋਨੀਅਮ ਦੀ ਵਿਕਰੀ ਤੋਂ ਵੱਡਾ ਮੁਨਾਫਾ ਕਮਾਉਣ ਦਾ ਦੋਸ਼ ਲਗਾਇਆ ਕਿਉਂਕਿ ਇਹ ਇਕ ਇਮਾਰਤ ਕੰਪਲੈਕਸ ਵਿਚ ਮੌਜੂਦ ਸੀ ਜਿਸ ਵਿਚ ਕਿਰਾਇਆ ਪਾਬੰਦੀਆਂ ਲਾਗੂ ਨਹੀਂ ਸਨ। ਹਾਊਸਿੰਗ ਆਲੋਚਕ ਕੈਰਿਨ ਕ੍ਰਿਕਪੈਟਰਿਕ ਨੇ ਲੈਜਿਸਲੇਚਰ ਨੂੰ ਦੱਸਿਆ ਕਿ ਏਬੀ ਨੇ ਥੋੜ੍ਹੇ ਸਮਾਂ ਕਿਰਾਇਆ ਯੋਜਨਾ ਦਾ ਪੂੰਜੀਕਰਨ ਕਰਦਿਆਂ ਕੰਡੋ ਨੂੰ 150000 ਡਾਲਰ ਵਿਚ ਵੇਚਿਆ ਜੋ ਕਿ ਉਨ੍ਹਾਂ ਵਲੋਂ ਅਦਾ ਕੀਤੀ ਰਕਮ ਨਾਲੋਂ ਜ਼ਿਆਦਾ ਹੈ। ਲੈਜਿਸਲੇਚਰ ਵਿਚ ਕੇਲੋਵਨਾ ਤੋਂ ਵਿਰੋਧੀ ਧਿਰ ਦੀ ਮੈਂਬਰ ਰੇਨੀ ਮੈਰੀਫੀਲਡ ਨੇ ਸਦਨ ਵਿਚ ਏਬੀ ਦਾ ਕੰਡੋ ਕਿੰਗ ਵਜੋਂ ਜ਼ਿਕਰ ਕੀਤਾ ਜਿਸ ਨੇ ਏਆਰਐਨਬੀ-ਅਨੁਕੂਲ ਅਪਾਰਟਮੈਂਟ ਨੂੰ ਵੇਚ ਕੇ ਨਕਦੀ ਪ੍ਰਾਪਤ ਕੀਤੀ ਸੀ ਪਰ ਏਬੀ ਨੇ ਵਿਵਾਦ ਨੂੰ ਇਕ ਤਿਆਰ ਕੀਤਾ ਘੁਟਾਲਾ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਉਹ ਕੰਡੋ ਉਨ੍ਹਾਂ ਖਰੀਦਦਾਰਾਂ ਜਿਨ੍ਹਾਂ ਨੇ ਵਿਕਟੋਰੀਆ ਵਿਚ ਪੋਸਟ ਸੈਕੰਡਰੀ ਦੇ ਪੜ੍ਹਾਈ ਕਰ ਰਹੇ ਆਪਣੇ ਬੱਚਿਆਂ ਵਿਚੋਂ ਇਕ ਲਈ ਖਰੀਦਿਆਂ ਸੀ ਨੂੰ ਵੇਚਿਆ ਜਿਥੇ ਉਹ ਆਪਣੇ ਪਰਿਵਾਰ ਨਾਲ ਰਹਿ ਰਿਹਾ ਸੀ।

## ਹੋਰ ਵਿਦੇਸ਼ੀ ਸਿੱਖਿਅਤ ਕਾਮਿਆਂ ਨੂੰ ਆਕਰਸ਼ਤ ਕਰਨ ਲਈ ਬੀਸੀ ਵਿਚ ਬਿੱਲ ਪੇਸ਼

ਵਿਕਟੋਰੀਆ-ਬੀਸੀ ਵਿਚ ਇਕ ਨਵਾਂ ਬਿੱਲ ਪੇਸ਼ ਕੀਤਾ ਗਿਆ ਹੈ ਜਿਹੜਾ ਇੰਜਨੀਅਰ, ਅਧਿਆਪਕ, ਚਾਈਲਡਕੇਅਰ ਵਰਕਰਜ਼, ਪੈਰਾਮੈਡਿਕਸ ਅਤੇ ਪਸ਼ੂਆਂ ਦੇ ਡਾਕਟਰਾਂ ਵਰਗੇ ਉੱਚ ਮੰਗ ਵਾਲੇ ਕਿੱਤਿਆਂ ਸਮੇਤ 29 ਕਿੱਤਿਆਂ ਵਿਚ ਕਾਮਿਆਂ ਦੀ ਸਪਲਾਈ ਵਧਾਉਣ ਦਾ ਵਾਅਦਾ ਕਰਦਾ ਹੈ। ਕਾਨੂੰਨ ਬਣਾਉਣ ਸਬੰਧੀ ਬਿੱਲ ਜਿਹੜਾ ਮਨਿਸਟਰ ਆਫ ਸਟੇਟ ਵਰਕਫੋਰਸ ਡਿਵੈਲਪਮੈਂਟ ਐਂਡਰਿਊ ਮਰਸੀਅਰ ਨੇ ਪੇਸ਼ ਕੀਤਾ ਨੌਕਰੀਆਂ ਦੀ ਘਾਟ ਨੂੰ ਪੂਰਾ ਕਰਨ ਲਈ ਵੱਡਾ ਹੰਭਲਾ ਮਾਰਨ ਦੀ ਕਾਰਵਾਈ ਦਾ ਹਿੱਸਾ ਹੈ। ਸੂਬਾ ਸਰਕਾਰ ਦੇ ਅਨੁਮਾਨਾਂ ਮੁਤਾਬਿਕ ਅਗਲੇ ਦਹਾਕੇ ਵਿਚ 10 ਲੱਖ ਨੌਕਰੀਆਂ ਨਿਕਲਣਗੀਆਂ। ਮਰਸੀਅਰ ਨਾਲ ਪ੍ਰੈਸ ਕਾਨਫਰੰਸ ਵਿਚ ਸ਼ਾਮਿਲ ਹੋਏ ਪ੍ਰੀਮੀਅਰ ਡੇਵਿਡ ਏਬੀ ਨੇ ਕਿਹਾ ਕਿ ਲੇਬਰ ਸਪਲਾਈ ਅਤੇ ਮਕਾਨ ਦੇ ਬਹੁਤ ਹੀ ਦਬਾਅ ਵਾਲੇ ਮੁੱਦੇ ਹਨ ਜਿਨ੍ਹਾਂ ਦਾ ਬੀਸੀ ਸਾਹਮਣਾ ਕਰ ਰਿਹਾ ਹੈ। ਇਨ੍ਹਾਂ ਨੂੰ ਬਹੁਤ ਹੀ ਹੱਲ ਕਰਨਯੋਗ ਮੁੱਦਿਆਂ ਵਾਂਗ ਮਹਿਸੂਸ ਕੀਤਾ ਜਾਂਦਾ ਹੈ ਅਤੇ ਅੱਜ ਦਾ ਬਿੱਲ ਇਸ ਗੱਲ ਦਾ ਹਿੱਸਾ ਹੈ ਕਿ ਅਸੀਂ ਮੁੱਦੇ ਨੂੰ ਕਿਵੇਂ ਹੱਲ ਕਰ ਰਹੇ ਹਾਂ। ਅਸੀਂ ਆਸ ਕਰਦੇ ਹਾਂ ਕਿ ਅਗਲੇ 10 ਸਾਲਾਂ ਵਿਚ ਨਿਕਲਣ ਵਾਲੀਆਂ 10 ਲੱਖ ਤੋਂ ਵੀ ਵੱਧ ਨੌਕਰੀਆਂ ਵਿਚੋਂ ਇਕ ਤਿਹਾਈ ਅੰਤਰਰਾਸ਼ਟਰੀ ਪੱਧਰ 'ਤੇ ਸਿੱਖਿਅਤ ਪੇਸ਼ਾਵਰਾਂ ਵਲੋਂ ਭਰੀਆਂ ਜਾਣਗੀਆਂ। ਮਰਸੀਅਰ ਨੇ ਦੱਸਿਆ ਕਿ ਉਨ੍ਹਾਂ ਨੌਕਰੀਆਂ ਵਿਚੋਂ 60 ਤੋਂ 70 ਫ਼ੀਸਦੀ ਤਾਂ ਸੇਵਾਮੁਕਤੀ ਨਾਲ ਨਿਕਲਣਗੀਆਂ।






# ਮਾਲੇਰਕੋਟਲਾ ਰਿਆਸਤ ਦੀ ਆਖ਼ਰੀ ਬੇ.ਗਮ ਮੁਨੱਵਰ-ਉਨ-ਨਿਸ਼ਾ ਦਾ ਇਤਕਾਲ



ਮਾਲੇਰਕੋਟਲਾ-ਚੜ੍ਹਦੇ ਪੰਜਾਬ ਦੀ ਇਕਲੌਤੀ ਮੁਸਲਿਮ ਰਿਆਸਤ ਮਾਲੇਰਕੋਟਲਾ ਦੇ ਆਖ਼ਰੀ ਨਵਾਬ ਮਰਹੂਮ ਇਫ਼ਤਖਾਰ ਅਲੀ ਖ਼ਾਨ ਦੀ ਤੀਜੀ ਤੇ ਆਖ਼ਰੀ ਬੇਗ਼ਮ ਮੁਨੱਵਰ ਉਨ ਨਿਸ਼ਾ (103) ਸਾਲ ਕੁਝ ਦਿਨ ਬਿਮਾਰ ਰਹਿਣ ਮਗਰੋਂ ਅੱਜ ਸਵੇਰੇ ਪੰਜ ਵਜੇ ਸਥਾਨਕ ਹਜ਼ਰਤ ਹਲੀਮਾ ਹਸਪਤਾਲ ਵਿਖੇ ਵਫ਼ਾਤ ਪਾ ਗਏ। ਬੇਗ਼ਮ ਮੁਨੱਵਰ ਨਿਸ਼ਾ ਬੇਗ਼ਮ ਦੇ ਨੇੜਲੇ ਭਾਈ ਕਮਲਜੀਤ ਸਿੰਘ ਬੋਪਾਰਾਏ ਅਤੇ ਕੇਅਰ ਟੇਕਰ ਮੁਹੰਮਦ ਮਹਿਮੂਦ ਨੇ ਦੱਸਿਆ ਕਿ ਬੇਗਮ ਉਮਰ ਦੇ ਤਕਾਜ਼ੇ ਵਜੋਂ ਸਰੀਰਕ ਪੱਖੋਂ ਕਾਫ਼ੀ ਕਮਜ਼ੋਰ ਹੋਣ ਕਾਰਨ ਕੁਝ ਔਖ ਮਹਿਸੂਸ ਕਰ ਰਹੇ ਸਨ। ਬੇਗ਼ਮ ਦੀ ਨਾਜ਼ੁਕ ਸਿਹਤ ਨੂੰ ਦੇਖਦੇ ਹੋਏ ਕਰੀਬ ਦਸ ਦਿਨ ਪਹਿਲਾਂ ਉਨ੍ਹਾਂ ਨੂੰ ਸਥਾਨਕ ਹਲੀਮਾ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ ਸੀ। ਤਿੰਨ-ਚਾਰ ਦਿਨ ਹਸਪਤਾਲ 'ਚ ਦਾਖ਼ਲ ਰਹਿਣ ਉਪਰੰਤ ਉਨ੍ਹਾਂ ਸਿਹਤਯਾਬ ਹੋਣ 'ਤੇ ਸਥਾਨਕ ਰਿਹਾਇਸ਼ ਮੁਬਾਰਿਕ ਮੰਜ਼ਿਲ ਮਹਿਲ ਵਿਖੇ ਵਾਪਸ ਲਿਆਂਦਾ ਗਿਆ ਸੀ। ਤਿੰਨ ਦਿਨ ਪਹਿਲਾਂ ਤਬੀਅਤ ਫਿਰ ਨਾਸਾਜ਼ ਹੋਣ 'ਤੇ ਮੁੜ ਹਜ਼ਰਤ ਹਲੀਮਾ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ, ਜਿਥੇ ਉਨ੍ਹਾਂ ਅੱਜ ਸਵੇਰੇ ਪੰਜ ਵਜੇ ਆਖ਼ਰੀ ਸਾਹ ਲਏ। ਉਨ੍ਹਾਂ ਦੀ ਦੇਹ ਨੂੰ ਮਹਿਲ ਵਿਖੇ ਲੋਕਾਂ ਦੇ ਆਖ਼ਰੀ ਦਰਸ਼ਨ ਲਈ ਰੱਖਿਆ ਗਿਆ ਹੈ। ਸ਼ਹਿਰ ਦੇ ਲੋਕ ਆਖ਼ਰੀ ਦਰਸ਼ਨ ਕਰਨ ਲਈ ਪੁੱਜ ਰਹੇ ਹਨ। ਅੱਜ ਬਾਅਦ ਦੁਪਹਿਰ ਤਿੰਨ ਵਜੇ ਸਰਹਿੰਦੀ ਦਰਵਾਜ਼ੇ ਨੇੜੇ ਸਥਿਤ ਸ਼ਾਹੀ ਕਬਰਸਤਾਨ ਵਿੱਚ ਉਨ੍ਹਾਂ ਨੂੰ ਸਪੁਰਦ-ਏ-ਖ਼ਾਕ ਕੀਤਾ ਜਾਵੇਗਾ।

## ਭਾਰਤ ਦੇ ਸਾਬਕਾ ਕ੍ਰਿਕਟਰ ਬਿਸ਼ਨ ਸਿੰਘ ਬੇਦੀ ਦਾ ਦੇਹਾਂਤ



ਨਵੀਂ ਦਿੱਲੀ-ਭਾਰਤ ਦੇ ਸਾਬਕਾ ਕ੍ਰਿਕਟਰ ਬਿਸ਼ਨ ਸਿੰਘ ਬੇਦੀ ਦਾ 77 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਨ੍ਹਾਂ 12 ਸਾਲਾ ਦੇ ਆਪਣੇ ਕੌਮਾਂਤਰੀ ਕਰੀਅਰ ਵਿੱਚ 67 ਟੈਸਟ ਤੇ 266 ਵਿਕਟਾਂ ਲਈਆਂ । ਉਨ੍ਹਾਂ 10 ਇਕ ਦਿਨਾਂ ਮੈਚ ਖੇਡੇ ਤੇ 7 ਵਿਕਟਾਂ ਲਈਆਂ।ਬਿਸ਼ਨ ਸਿੰਘ ਬੇਦੀ, ਇਰਾਪੱਲੀ ਪ੍ਰਸੰਨਾ, ਬੀਐੱਸ ਚੰਦਰਸ਼ੇਖਰ ਅਤੇ ਐੱਸ ਵੈਂਕਟਰਾਘਵਨ ਕਦੇ ਭਾਰਤੀ ਸਪਿਨ ਦੀ ਮਹਾਨ ਕੜੀ ਸਨ। ਅੰਮ੍ਰਿਤਸਰ ਦੇ ਜੰਮਪਲ ਸਪਿੰਨਰ ਬੇਦੀ ਨੇ ਘਰੇਲੂ ਸਰਕਟ 'ਤੇ ਦਿੱਲੀ ਦੀ ਨੁਮਾਇੰਦਗੀ ਕੀਤੀ। ਘਰੇਲੂ ਕ੍ਰਿਕਟ ਵਿੱਚ 370 ਮੈਚਾਂ ਵਿੱਚ 1,560 ਵਿਕਟਾਂ ਲਈਆਂ। ਬਿਸ਼ਨ ਸਿੰਘ ਬੇਦੀ ਨੇ ਆਪਣੇ ਟੈਸਟ ਕਰੀਅਰ ਦੀ ਸ਼ੁਰੂਆਤ 31 ਦਸੰਬਰ 1966 ਨੂੰ ਕੋਲਕਾਤਾ ਦੇ ਇਤਿਹਾਸਕ ਸਟੇਡੀਅਮ ਈਡਨ ਗਾਰਡਨ ਵਿਖੇ ਕੀਤੀ, ਜਦੋਂ ਕਿ ਅਗਸਤ-ਸਤੰਬਰ 1979 ਵਿੱਚ ਓਵਲ ਵਿਖੇ ਇੰਗਲੈਂਡ ਵਿਰੁੱਧ ਆਪਣਾ ਆਖਰੀ ਟੈਸਟ ਖੇਡਿਆ। ਦੂਜੇ ਪਾਸੇ ਪਹਿਲਾ ਇਕ ਦਿਨਾਂ ਇੰਗਲੈਂਡ ਖ਼ਿਲਾਫ਼ 13 ਜੁਲਾਈ 1974 ਨੂੰ ਲਾਰਡਜ਼ ਵਿਖੇ ਖੇਡਿਆ ਗਿਆ ਸੀ, ਜਦਕਿ ਆਖਰੀ ਇਕ ਦਿਨਾਂ ਸ੍ਰੀਲੰਕਾ ਖ਼ਿਲਾਫ਼ 16 ਜੂਨ 1979 ਨੂੰ ਮੈਨਚੈਸਟਰ ਵਿਖੇ ਖੇਡਿਆ ਗਿਆ ਸੀ।

## ਨਿਊਯਾਰਕ 'ਚ ਸੜਕੀ ਝਗੜੇ ਵਿਚ ਹਮਲੇ ਕਾਰਣ ਸਿੱਖ ਬਜ਼ੁਰਗ ਦੀ ਮੌਤ

ਨਿਊਯਾਰਕ-ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿਚ ਕਾਰ ਹਾਦਸੇ ਤੋਂ ਬਾਅਦ ਹੋਈ ਲੜਾਈ ਵਿਚ ਜ਼ਖਮੀ ਹੋਏ 66 ਸਾਲਾ ਸਿੱਖ ਬਜ਼ੁਰਗ ਦੀ ਸਿਰ ਵਿਚ ਗੰਭੀਰ ਸੱਟ ਲੱਗਣ ਕਾਰਨ ਮੌਤ ਹੋ ਗਈ। ਬੀਤੇ ਵੀਰਵਾਰ 30 ਸਾਲਾ ਗਿਲਬਰਟ ਆਗਸਟਨਿ ਨੇ ਕਵੀਂਸ ਵਿੱਚ ਵਾਹਨ ਨਾਲ ਮਾਮੂਲੀ ਟੱਕਰ ਤੋਂ ਬਾਅਦ ਜਸਮੇਰ ਸਿੰਘ 'ਤੇ ਹਮਲਾ ਕਰ ਦਿੱਤਾ। ਪਿਛਲੇ ਹਫ਼ਤੇ ਵਿੱਚ ਨਿਊਯਾਰਕ ਵਿੱਚ ਕਿਸੇ ਸਿੱਖ ਉੱਤੇ ਹਮਲੇ ਦੀ ਇਹ ਦੂਜੀ ਘਟਨਾ ਸੀ। ਪਿਛਲੇ ਹਫ਼ਤੇ ਨਿਊਯਾਰਕ ਵਿੱਚ 19 ਸਾਲਾ ਸਿੱਖ ਨੌਜਵਾਨ ਉੱਤੇ ਉਸ ਸਮੇਂ ਹਮਲਾ ਕੀਤਾ ਗਿਆ ਸੀ, ਜਦੋਂ ਉਹ ਬੱਸ ਰਾਹੀਂ ਰਿਚਮੰਡ ਹਿੱਲ ਵਿੱਚ ਗੁਰਦੁਆਰੇ ਜਾ ਰਿਹਾ ਸੀ। ਕ੍ਰਿਸਟੋਫਰ ਫਿਲਿਪੋ (26) ਨੇ ਨੌਜਵਾਨ ਦੇ ਸਿਰ ਦੇ ਪਿਛਲੇ ਹਿੱਸੇ ਵਿੱਚ ਮੁੱਕਾ ਮਾਰਿਆ, ਉਸ ਦੀ ਪੱਗ ਉਤਾਰਨ ਦੀ ਕੋਸ਼ਿਸ਼ ਕੀਤੀ ਅਤੇ ਉਸ ਨੂੰ ਕਿਹਾ, 'ਅਸੀਂ ਇਸ ਦੇਸ਼ ਵਿੱਚ ਇਹ (ਪੱਗ) ਨਹੀਂ ਬੰਨ੍ਹਦੇ।' ਨਿਊਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼ ਨੇ ਜਸਮੇਰ ਸਿੰਘ 'ਤੇ ਹਮਲੇ ਦੀ ਨਿੰਦਾ ਕੀਤੀ ਤੇ ਭਾਈਚਾਰੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਚਨਬੱਧਤਾ ਪ੍ਰਗਟਾਈ।

## ਤੇਜ਼ਧਾਰ ਹਥਿਆਰਾਂ ਨਾਲ ਹਮਲੇ ਵਿਚ ਪਿਓ-ਪੁੱਤ ਦਾ ਕਤਲ

ਫਾਜ਼ਿਲਕਾ-ਜ਼ਿਲ੍ਹੇ ਦੇ ਥਾਣਾ ਅਰਨੀਵਾਲਾ ਅਧੀਨ ਆਉਂਦੇ ਪਿੰਡ ਮਾਹੂੰਆਣਾ ਬੋਦਲਾ ਵਿੱਚ ਆਪਸੀ ਰੰਜਿਸ਼ ਕਾਰਨ ਰਿਸ਼ਤੇਦਾਰਾਂ ਨੇ ਪਿਓ-ਪੁੱਤ ਦਾ ਕਤਲ ਕਰ ਦਿੱਤਾ। ਮਿਲੀ ਜਾਣਕਾਰੀ ਅਨੁਸਾਰ ਪ੍ਰਤਾਪ ਸਿੰਘ (55) ਅਤੇ ਉਸ ਦਾ ਪੁੱਤਰ ਗਗਨਦੀਪ ਸਿੰਘ (26) ਅਰਨੀਵਾਲਾ ਥਾਣੇ ਤੋਂ ਵਾਪਸ ਪਿੰਡ ਦੇ ਗੁਰਦੁਆਰੇ ਵੱਲ ਆ ਰਹੇ ਸਨ। ਇਸ ਦੌਰਾਨ ਜਦੋਂ ਉਹ ਦੋਵੇਂ ਗੁਰਦੁਆਰੇ ਨੇੜੇ ਪੁੱਜੇ ਤਾਂ ਉਨ੍ਹਾਂ ਉੱਪਰ ਦਿਲਬਾਗ ਸਿੰਘ, ਸੰਦੀਪ ਸਿੰਘ, ਵਿਕਰਮਜੀਤ ਸਿੰਘ ਅਤੇ ਹੋਰਨਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਪੁਲੀਸ ਨੇ ਜ਼ਖ਼ਮੀ ਪਿਓ-ਪੁੱਤ ਨੂੰ ਸਿਵਲ ਹਸਪਤਾਲ ਫਾਜ਼ਿਲਕਾ ਦਾਖਲ ਕਰਵਾਇਆ, ਜਿੱਥੇ ਦੋਹਾਂ ਦੀ ਮੌਤ ਹੋ ਗਈ। ਘਟਨਾ ਸਥਾਨ 'ਤੇ ਐੱਸਪੀ (ਡੀ) ਫਾਜ਼ਿਲਕਾ ਮਨਜੀਤ ਸਿੰਘ ਅਤੇ ਅਰਨੀਵਾਲਾ ਥਾਣੇ ਦੇ ਐੱਸਐੱਚਓ ਗੁਰਵਿੰਦਰ ਕੁਮਾਰ ਵੀ ਪੁੱਜੇ। ਪੁਲੀਸ ਵੱਲੋਂ ਕੇਸ ਦਰਜ ਕਰ ਕੇ ਜਾਂਚ ਕੀਤੀ ਜਾ ਰਹੀ ਹੈ।

## ਚਿਕਨ ਕਾਰਨਰ ਤੇ ਝਗੜੇ ਦੌਰਾਨ ਕਬੱਡੀ ਖਿਡਾਰੀਆਂ ਵੱਲੋਂ ਪੁਲੀਸ ਮੁਲਾਜ਼ਮ ਦਾ ਕਤਲ

ਬਰਨਾਲਾ-ਸਥਾਨਕ 25 ਏਕੜ ਕਲੋਨੀ ਵਿੱਚ ਬੀਤੀ ਰਾਤ 10 ਵਜੇ ਦੇ ਕਰੀਬ ਪਟਿਆਲਾ ਚਿਕਨ ਕਾਰਨਰ 'ਤੇ ਹੋਏ ਝਗੜੇ ਸਬੰਧੀ ਮੌਕੇ 'ਤੇ ਗਏ ਪੁਲੀਸ ਮੁਲਾਜ਼ਮ ਦਾ ਚਾਰ ਕੌਮਾਂਤਰੀ ਕਬੱਡੀ ਖਿਡਾਰੀ ਕਤਲ ਕਰ ਕੇ ਫ਼ਰਾਰ ਹੋ ਗਏ। ਪੁਲੀਸ ਨੇ ਚਾਰੋਂ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਕੇ ਭਾਲ ਸ਼ੁਰੂ ਕਰ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਪਰਿਵਾਰ ਨੂੰ ਸਰਕਾਰ ਵੱਲੋਂ ਇੱਕ ਕਰੋੜ ਰੁਪਏ ਦੀ ਰਕਮ ਦੇਣ ਦਾ ਐਲਾਨ ਕੀਤਾ ਗਿਆ। ਐੱਚਡੀਐੱਫਸੀ ਬੈਂਕ ਵੱਲੋਂ ਵੱਖਰੇ ਤੌਰ 'ਤੇ ਪੁਲੀਸ ਮੁਲਾਜ਼ਮ ਦੇ ਪਰਿਵਾਰ ਨੂੰ ਇੱਕ ਕਰੋੜ ਰੁਪਏ ਦੀ ਸਹਾਇਤਾ ਰਕਮ ਦਿੱਤੀ ਜਾਵੇਗੀ। ਬੀਤੀ ਰਾਤ 25 ਏਕੜ ਕਲੋਨੀ ਵਿੱਚ ਪਟਿਆਲਾ ਚਿਕਨ ਕਾਰਨਰ 'ਤੇ ਚਾਰ ਨੌਜਵਾਨ ਚਿਕਨ ਖਾਣ ਲਈ ਆਏ ਸਨ। ਚਾਰੋਂ ਨੌਜਵਾਨਾਂ ਦੀ ਕਿਸੇ ਗੱਲ ਨੂੰ ਲੈ ਕੇ ਚਿਕਨ ਕਾਰਨਰ ਵਾਲੇ ਨਾਲ ਬਹਿਸ ਹੋ ਗਈ ਜੋ ਮਗਰੋਂ ਲੜਾਈ ਵਿੱਚ ਬਦਲ ਗਈ। ਦੁਕਾਨਦਾਰ ਨੇ ਪੁਲੀਸ ਨੂੰ ਸੂਚਿਤ ਕਰ ਦਿੱਤਾ। ਘਟਨਾ ਦੀ ਸੂਚਨਾ ਮਿਲਦੇ ਹੀ ਪਹੁੰਚੇ ਪੁਲੀਸ ਮੁਲਾਜ਼ਮਾਂ ਨੇ ਲੜਾਈ ਕਰ ਰਹੇ ਨੌਜਵਾਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਭੰਨਤੋੜ ਕਰਦੇ ਰਹੇ। ਇਸ ਦੌਰਾਨ ਹੌਲਦਾਰ ਦਰਸ਼ਨ ਸਿੰਘ ਨੇ ਮੁਲਜ਼ਮਾਂ ਨੂੰ ਗੱਡੀ 'ਚ ਬੈਠਣ ਲਈ ਕਿਹਾ ਤਾਂ ਨੌਜਵਾਨਾਂ ਨੇ ਉਸ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਜ਼ਖ਼ਮੀ ਹੌਲਦਾਰ ਨੂੰ ਪੁਲੀਸ ਮੁਲਾਜ਼ਮ ਸਿਵਲ ਹਸਪਤਾਲ ਲੈ ਗਏ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਸਿਟੀ ਵਿੱਚ ਪੁਲੀਸ ਨੇ ਚਾਰੋਂ ਨੌਜਵਾਨਾਂ ਪਰਮਜੀਤ ਸਿੰਘ ਉਰਫ਼ ਪੰਮਾ ਵਾਸੀ ਪਿੰਡ ਠੀਕਰੀਵਾਲਾ, ਜਗਰਾਜ ਸਿੰਘ ਉਰਫ਼ ਰਾਜਾ ਵਾਸੀ ਪਿੰਡ ਰਾਏਸਰ, ਗੁਰਮੀਤ ਸਿੰਘ ਉਰਫ਼ ਮੀਤਾ ਵਾਸੀ ਪਿੰਡ ਚੀਮਾ ਅਤੇ ਵਜ਼ੀਰ ਸਿੰਘ ਵਾਸੀ ਪਿੰਡ ਅਮਲਾ ਸਿੰਘ ਵਾਲਾ ਖ਼ਿਲਾਫ਼ ਕਤਲ ਦਾ ਕੇਸ ਦਰਜ ਕੀਤਾ ਹੈ। ਚਾਰੋਂ ਨੌਜਵਾਨ ਕੌਮਾਂਤਰੀ ਕੱਬਡੀ ਖਿਡਾਰੀ ਦੱਸੇ ਜਾ ਰਹੇ ਹਨ। ਇਸ ਸਬੰਧੀ ਜ਼ਿਲ੍ਹਾ ਪੁਲੀਸ ਮੁਖੀ ਸੰਦੀਪ ਮਲਿਕ ਨੇ ਕਿਹਾ ਕਿ ਜਲਦ ਹੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।









# ਕੈਨੇਡਾ-ਭਾਰਤ ਸੰਬੰਧਾਂ ਵਿਚਾਲੇ ਤਣਾਅ ਦਾ ਵਧਣਾ ਚਿੰਤਾਜਨਕ...

**ਸੁਖਵਿੰਦਰ ਸਿੰਘ ਚੋਹਲਾ**

ਪ੍ਰਧਾਨ ਮੰਤਰੀ ਟਰੂਡੋ ਵਲੋਂ ਇਕ ਕੈਨੇਡੀਅਨ ਨਾਗਰਿਕ ਦੀ ਹੱਤਿਆ ਦੀ ਸਾਜਿਸ਼ ਵਿਚ ਭਾਰਤੀ ਹੱਥ ਹੋਣ ਦਾ ਦੋਸ਼ ਲਗਾਉਣ ਉਪਰੰਤ ਕੈਨੇਡਾ-ਭਾਰਤ ਦੁਵੱਲੇ ਸਬੰਧਾਂ ਵਿਚ ਬਣਿਆ ਤਣਾਅ ਘਟਣ ਦੀ ਬਿਜਾਏ ਵਧਦਾ ਦਿਖਾਈ ਦੇ ਰਿਹਾ ਹੈ। ਪਹਿਲਾਂ ਜਿਵੇਂ ਇਹ ਕਿਆਸ ਕੀਤਾ ਜਾ ਰਿਹਾ ਸੀ, ਦੋਵਾਂ ਮੁਲਕਾਂ ਵਿਚਾਲੇ ਤਣਾਅਪੂਰਣ ਸਬੰਧਾਂ ਵਿਚ ਥੋੜਾ ਨਰਮਾਈ ਆਈ ਹੈ, ਉਹ ਭਰਮ ਬੀਤੇ ਦਿਨੀ ਵਾਪਰੇ ਤਾਜਾ ਘਟਨਾਕ੍ਰਮ ਨੇ ਤੋੜ ਦਿੱਤਾ ਹੈ। ਅਕਤੂਬਰ ਦੇ ਸ਼ੁਰੂ ਵਿਚ ਇਹ ਖਬਰ ਘੁੰਮ ਰਹੀ ਸੀ ਕਿ ਭਾਰਤ ਨੇ ਕੈਨੇਡਾ ਨੂੰ ਆਪਣੇ ਮੁਲਕ ਵਿਚੋਂ ਵਾਧੂ ਕੂਟਨੀਤਕਾਂ ਨੂੰ ਵਾਪਿਸ ਬੁਲਾਏ ਜਾਣ ਦਾ ਅਲਟੀਮੇਟਮ ਦਿੱਤਾ ਹੈ। ਅਲਟੀਮੇਟਮ ਦੀ ਤਾਰੀਕ 10 ਅਕਤੂਬਰ ਬੀਤ ਜਾਣ ਅਤੇ ਇਸ ਸਬੰਧੀ ਕੋਈ ਖਬਰ ਨਸ਼ਰ ਨਾ ਹੋਣ ਕਾਰਣ ਅੰਦਾਜੇ ਲਗਾਏ ਜਾ ਰਹੇ ਸਨ ਕਿ ਭਾਰਤ ਨੇ ਨਰਮ ਰੁਖ ਅਖਤਿਆਰ ਕਰਦਿਆਂ ਆਪਣਾ ਅਲਟੀਮੇਟਮ ਨਹੀ ਦੁਹਰਾਇਆ। ਇਸਦਾ ਵੱਡਾ ਕਾਰਣ ਬੀਤੇ ਦਿਨੀਂ ਯੂ ਐਨ ਓ ਦੀ ਮੀਟਿੰਗ ਦੌਰਾਨ ਦੋਵਾਂ ਮੁਲਕਾਂ ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਨੂੰ ਦੱਸਿਆ ਜਾ ਰਿਹਾ ਸੀ। ਕਿਹਾ ਜਾ ਰਿਹਾ ਸੀ ਕਿ ਦੋਵਾਂ ਮੁਲਕਾਂ ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਦੌਰਾਨ ਆਪਸੀ ਸਹਿਯੋਗ ਤੇ ਸਮਝ ਤੋਂ ਕੰਮ ਲੈਂਦਿਆਂ ਸਬੰਧਾਂ ਵਿਚ ਲਚਕਤਾ ਬਣਾਏ ਰੱਖਣ ਦੀ ਸਹਿਮਤੀ ਬਣ ਗਈ ਹੈ। ਪਰ ਇਹ ਸਭ ਮੀਡੀਆ ਰਿਪੋਰਟਾਂ ਉਸ ਸਮੇਂ ਗਲਤ ਸਾਬਿਤ ਹੋਈਆਂ ਜਦੋਂ ਕੈਨੇਡਾ ਦੀ ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਭ ਨੂੰ ਚੌਂਕਾ ਦਿੱਤਾ ਕਿ ਕੈਨੇਡਾ ਨੇ ਭਾਰਤ ਵਲੋਂ ਦਿੱਤੇ ਗਏ ਅਲਟੀਮੇਟਮ ਮੁਤਾਬਿਕ ਆਪਣੇ 41 ਡਿਪਲੋਮੈਟਾਂ ਅਤੇ ਉਹਨਾਂ ਦੇ 42 ਪਰਿਵਾਰਕ ਮੈਂਬਰਾਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਵਾਪਿਸ ਬੁਲਾ ਲਿਆ ਹੈ। ਉਹਨਾਂ ਭਾਰਤ ਵਲੋਂ ਦਿਖਾਏ ਗਏ ਸਖਤ ਰਵੱਈਏ ਦੀ ਨਿੰਦਾ ਕਰਦਿਆਂ ਕਿ ਭਾਰਤ ਨੇ ਇਸ ਮੁੱਦੇ ਉਪਰ ਵਿਆਨਾ ਸੰਧੀ ਦਾ ਉਲੰਘਣਾ ਕੀਤਾ ਹੈ ਜਿਸ ਵਿਚ ਕੌਮਾਂਤਰੀ ਪੱਧਰ ਉਪਰ ਕੂਟਨੀਤਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਗਿਆ ਹੈ। ਉਹਨਾਂ ਕਿਹਾ ਕਿ ਭਾਰਤ ਵਲੋਂ ਕੈਨੇਡੀਅਨ ਕੂਟਨੀਤਕਾਂ ਦੇ ਸੁਰੱਖਿਅਤ ਅਧਿਕਾਰ ਖਤਮ ਕੀਤੇ ਜਾਣ ਦੀ ਧਮਕੀ ਕਿਸੇ ਵੀ ਸੂਰਤ ਵਿਚ ਉਚਿਤ ਨਹੀ। ਉਹਨਾਂ ਹੋਰ ਕਿਹਾ ਕਿ ਭਾਵੇਂਕਿ ਕੈਨੇਡਾ ਨੇ ਭਾਰਤੀ ਅਲਟੀਮੇਟਮ ਨੂੰ ਧਿਆਨ ਵਿਚ ਰੱਖਦਿਆਂ ਆਪਣੇ ਕੂਟਨੀਤਕ ਵਾਪਿਸ ਬੁਲਾ ਲਏ ਹਨ ਪਰ ਕੈਨੇਡਾ ਇਸਦੇ ਵਿਪਰੀਤ ਕੋਈ ਵੀ ਬਦਲੇ ਦੀ ਕਾਰਵਾਈ ਨਹੀ ਕਰੇਗਾ ਤੇ ਦੁਵੱਲੇ ਸਬੰਧਾਂ ਨੂੰ ਬੇਹਤਰ ਬਣਾਉਣ ਦੀ ਕੋਸ਼ਿਸ਼ ਕਰਦਾ ਰਹੇਗਾ। ਵਿਦੇਸ਼ ਮੰਤਰੀ ਜੋਲੀ ਦੇ ਬਿਆਨ ਦੇ ਜਵਾਬ ਵਿਚ ਭਾਰਤ ਨੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਹੈ ਕਿ ਉਹਨਾਂ ਨੇ ਦੋਵਾਂ ਮੁਲਕਾਂ ਦੇ ਡਿਪਲੋਮੈਟਾਂ ਦੀ ਗਿਣਤੀ ਦੀ ਸਮਾਨਤਾ ਦੇ ਆਧਾਰ ਤੇ ਵਾਧੂ ਡਿਪਲੋਮੈਟਾਂ ਨੂੰ ਕੱਢੇ ਜਾਣ ਦੀ ਮੰਗ ਕਰਦਿਆਂ ਕਿਸੇ ਕੌਮਾਂਤਰੀ ਕਨੂੰਨ ਜਾਂ ਸਮਝੌਤੇ ਦੀ ਉਲੰਘਣਾ ਨਹੀ ਕੀਤੀ। ਦਾਅਵਾ ਹੈ ਕਿ ਭਾਰਤ ਦੇ ਕੈਨੇਡਾ ਵਿਚ 21 ਰਜਿਸਟਰਡ ਡਿਪਲੋਮੈਟ ਹਨ ਜਦੋਂਕਿ ਕੈਨੇਡਾ ਦੇ ਭਾਰਤ ਵਿਚ 62 ਡਿਪਲੋਮੈਟ ਸਨ। ਇਸ ਲਈ ਸਮਾਨਤਾ ਦੇ ਆਧਾਰ ਤੇ ਵਾਧੂ 41 ਡਿਪਲੋਮੈਟਾਂ ਨੂੰ ਚਲੇ ਜਾਣ ਲਈ ਕਹਿਣਾ ਕਿਸੇ ਵੀ ਤਰਾਂ ਅਣਉਚਿਤ ਨਹੀ। ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਵਿਚ ਕੈਨੇਡੀਅਨ ਹਾਈ ਕਮਿਸ਼ਨ ਤੋਂ ਇਲਾਵਾ ਮੁੰਬਈ, ਬੰਗਲੌਰ ਤੇ ਚੰਡੀਗੜ ਵਿਚ ਕੈਨੇਡੀਅਨ ਕੌਂਸਲਖਾਨੇ ਹਨ। ਭਾਰਤ ਤੋਂ ਵੱਡੀ ਗਿਣਤੀ ਵਿਚ ਪ੍ਰਾਪਤ ਹੁੰਦੀਆਂ ਇਮੀਗ੍ਰੇਸ਼ਨ ਫਾਈਲਾਂ ਦੇ ਨਿਪਟਾਰੇ ਲਈ ਕੈਨੇਡੀਅਨ ਕੌਂਸਲਖਾਨਿਆਂ ਵਿਚ ਪਹਿਲਾਂ ਹੀ ਸਟਾਫ ਦੀ ਘਾਟ ਮਹਿਸੂਸ ਕੀਤੀ ਜਾਂਦੀ ਹੈ। ਪਰ ਹੁਣ ਕੈਨੇਡੀਅਨ ਡਿਪਲੋਮੈਟਾਂ ਦੀ ਗਿਣਤੀ ਵਿਚ ਕਟੌਤੀ ਹੋਣ ਨਾਲ ਪਹਿਲਾਂ ਹੀ ਇਮੀਗ੍ਰੇਸ਼ਨ ਫਾਈਲਾਂ ਦੇ ਲੱਗੇ ਢੇਰ ਵਿਚ ਹੋਰ ਵਾਧਾ ਹੋਣ ਦਾ ਖਦਸ਼ਾ ਹੈ। ਕੈਨੇਡੀਅਨ ਇਮੀਗ੍ਰੇਸ਼ਨ ਦੇ ਡਾਟੇ ਮੁਤਾਬਿਕ ਕੈਨੇਡਾ ਨੂੰ ਆਉਣ ਵਾਲੇ ਹਰ ਸਾਲ ਕੌਮਾਂਤਰੀ ਵਿਦਿਆਰਥੀਆਂ ਵਿਚੋਂ 45 ਪ੍ਰਤੀਸ਼ਤ ਭਾਰਤੀ ਵਿਦਿਆਰਥੀ, ਪੀ ਆਰ 27 ਪ੍ਰਤੀਸ਼ਤ ਅਤੇ ਆਰਜੀ ਕਾਮਿਆਂ ਦੀ 22 ਪ੍ਰਤੀਸ਼ਤ ਗਿਣਤੀ ਭਾਰਤੀਆਂ ਦੀ ਹੈ। ਇਸਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਭਾਰਤ ਵਿਚ ਕੈਨੇਡੀਅਨ ਕੌਂਸਲਖਾਨਿਆਂ ਵਿਚ ਸਟਾਫ ਦੀ ਘਾਟ ਕਿੰਨੇ ਲੱਖ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ। ਇਸੇ ਨੂੰ ਧਿਆਨ ਵਿਚ ਰੱਖਦਿਆਂ ਹੀ ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਦਾ ਬਿਆਨ ਹੈ ਕਿ ਭਾਰਤ ਸਰਕਾਰ ਦੀ ਤਾਜਾ ਕਾਰਵਾਈ ਕੈਨੇਡਾ ਦੀ ਇਮੀਗ੍ਰੇਸ਼ਨ ਹਾਸਲ ਕਰਨ ਦੇ ਚਾਹਵਾਨ ਲੋਕਾਂ ਦੇ ਨਾਲ ਕੈਨੇਡਾ ਵਿਚ ਵਸਦੇ ਲੱਖਾਂ ਭਾਰਤੀ ਮੂਲ ਦੇ ਲੋਕਾਂ ਦੇ ਆਉਣ- ਜਾਣ ਅਤੇ ਸਮਾਜਿਕ ਸਬੰਧਾਂ ਨੂੰ ਵੀ ਪ੍ਰਭਾਵਿਤ ਕਰੇਗੀ। ਇਸਤੋਂ ਪਹਿਲਾਂ ਅਜਿਹਾ ਹੀ ਬਿਆਨ ਕੈਨੇਡੀਅਨ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਵੀ ਦੇ ਚੁੱਕੇ ਹਨ। ਤਾਜਾ ਖਬਰ ਇਹ ਹੈ ਕਿ ਕੈਨੇਡਾ ਨੇ ਦਿੱਲੀ ਸਥਿਤ ਹਾਈ ਕਮਿਸ਼ਨ ਤੋਂ ਬਾਹਰ ਤਿੰਨ ਕੌਂਸਲਖਾਨਿਆਂ ਵਿਚ ਇਨ -ਪਰਸਨ ( ਸਿੱਧੀਆਂ) ਸੇਵਾਵਾਂ ਰੱਦ ਕਰ ਦਿੱਤੀਆਂ ਹਨ ਜਿਸਦਾ ਅਰਥ ਹੈ ਕਿ ਭਾਰਤੀਆਂ ਨੂੰ ਐਮਰਜੈਂਸੀ ਹਾਲਤ ਵਿਚ ਕੈਨੇਡੀਅਨ ਵੀਜਾ ਹਾਸਲ ਕਰਨਾ ਹੁਣ ਨਾਮੁਮਕਿਨ ਦੇ ਬਰਾਬਰ ਹੋ ਜਾਵੇਗਾ। ਇਸਤੋਂ ਪਹਿਲਾਂ ਭਾਰਤ ਵਲੋਂ ਕੈਨੇਡਾ ਵਿਚ ਆਪਣੇ ਕੌਂਸਲਖਾਨਿਆਂ ਦੇ ਸਟਾਫ ਦੀ ਸੁਰੱਖਿਆ ਨੂੰ ਖਤਰੇ ਦਾ ਬਹਾਨਾ ਕਰਦਿਆਂ ਕੈਨੇਡੀਅਨ ਨਾਗਰਿਕਾਂ ਲਈ ਭਾਰਤ ਦਾ ਵੀਜਾ ਅਣਮਿਥੇ ਸਮੇਂ ਲਈ ਬੰਦ ਕਰ ਰੱਖਿਆ ਹੈ। ਕੈਨੇਡਾ ਨੇ ਭਾਵੇਂਕਿ ਕਿਹਾ ਹੈ ਕਿ ਉਹ ਭਾਰਤ ਚੋਂ ਕੈਨੇਡੀਅਨ ਡਿਪਲੋਮੈਟਾਂ ਦੀ ਵਾਪਸੀ ਲਈ ਬਦਲਾ ਲਊ ਕਾਰਵਾਈ ਨਹੀ ਕਰੇਗਾ ਪਰ ਇਨ-ਪਰਸਨ ਸੇਵਾਵਾਂ ਮੁਲਤਵੀ ਕੀਤੇ ਜਾਣ ਦਾ ਸੰਕੇਤ ਕੋਈ ਵੱਖਰਾ ਨਹੀ ਹੈ। ਸਪੱਸ਼ਟ ਹੈ ਕਿ ਦੋਵਾਂ ਮੁਲਕਾਂ ਦੇ ਸਬੰਧਾਂ ਵਿਚ ਤਣਾਅ ਘਟਣ ਦੀ ਬਿਜਾਏ ਵਧ ਗਿਆ ਹੈ। ਜਿਕਰਯੋਗ ਹੈ ਕਿ ਕੈਨੇਡਾ-ਭਾਰਤ ਨੂੰ ਹੁਣ ਤੱਕ ਮਿੱਤਰ ਮੁਲਕਾਂ ਵਜੋਂ ਜਾਣਿਆ ਜਾਂਦਾ ਰਿਹਾ ਹੈ। ਭਾਵੇਂਕਿ ਭਾਰਤ ਪਿਛਲੇ ਲੰਬੇ ਸਮੇਂ ਤੋਂ ਕੈਨੇਡਾ ਉਪਰ ਕੈਨੇਡੀਅਨ ਧਰਤੀ ਤੇ ਕੁਝ ਵੱਖਵਾਦੀ ਧਿਰਾਂ ਨੂੰ ਸ਼ਹਿ ਦੇਣ ਅਤੇ ਉਨਾਂ ਪ੍ਰਤੀ ਨਰਮ ਵਤੀਰਾ ਅਪਣਾਏ ਜਾਣ ਸਬੰਧੀ ਇਤਰਾਜ਼ ਪ੍ਰਗਟਾਉਂਦਾ ਰਿਹਾ ਹੈ ਪਰ ਇਸਦੇ ਬਾਵਜੂਦ ਦੋਵਾਂ ਮੁਲਕਾਂ ਦੇ ਵਪਾਰਕ ਅਤੇ ਦੁਵੱਲੇ ਸਬੰਧਾਂ ਵਿਚਾਲੇ ਅਜਿਹੀ ਸਥਿਤੀ ਪਹਿਲਾਂ ਕਦੇ ਉਤਪੰਨ ਨਹੀ ਹੋਈ।ਇਸ ਸਥਿਤੀ ਦੇ ਚਲਦਿਆਂ ਹੀ ਅਕਤੂਬਰ ਦੇ ਪਹਿਲੇ ਹਫਤੇ ਦੋਵਾਂ ਮੁਲਕਾਂ ਵਿਚਾਲੇ ਮੁਕਤ ਵਪਾਰ ਸਮਝੌਤੇ ਸਬੰਧੀ ਪ੍ਰਸਤਾਵਿਤ ਗੱਲਬਾਤ ਮੁਲਤਵੀ ਹੋ ਚੁੱਕੀ ਹੈ। ਨਤੀਜਨ ਕੈਨੇਡਾ ਦੇ ਚੀਨ ਨਾਲ ਕੌਮਾਂਤਰੀ ਸਬੰਧ ਵਿਗੜਨ ਉਪਰੰਤ ਭਾਰਤ ਨੇ ਕੌਮਾਂਤਰੀ ਮੰਡੀ ਵਿਚ ਜਿਸ ਥਾਂ ਦੀ ਪੂਰਤੀ ਵਜੋਂ ਉਭਰਨਾ ਸੀ, ਉਹਨਾਂ ਸੰਭਾਵਨਾਵਾਂ ਨੂੰ ਭਾਰੀ ਸੱਟ ਵੱਜੀ ਹੈ। ਵਪਾਰਕ ਨੁਕਸਾਨ ਦੇ ਨਾਲ ਹੁਣ ਇਮੀਗ੍ਰੇਸ਼ਨ ਫਾਈਲਾਂ ਦੇ ਲਟਕਣ ਦਾ ਵੀ ਖਤਰਾ ਬਣ ਗਿਆ ਹੈ।





ਜੋ ਵੀ ਹੈ ਕਿ ਦੋਵਾਂ ਮੁਲਕਾਂ ਵਿਚ ਸਬੰਧਾਂ ਵਿਚ ਸੁਧਾਰ ਦੀ ਬਿਜਾਏ ਵਿਗਾੜ ਆਮ ਲੋਕਾਂ ਦੇ ਹਿੱਤਾਂ ਨੂੰ ਭਾਰੀ ਨੁਕਸਾਨ ਪਹੁੰਚਾਉਣ ਵਾਲਾ ਹੈ। ਉਮੀਦ ਕੀਤੀ ਜਾਂਦੀ ਸੀ ਕਿ ਯੂ ਐਨ ਓ ਜਨਰਲ ਅਸੰਬਲੀ ਮੌਕੇ ਦੋਵਾਂ ਮੁਲਕਾਂ ਦੇ ਵਿਦੇਸ਼ ਮੰਤਰੀਆਂ ਮਿਲੇਨੀ ਜੋਲੀ ਤੇ ਜੈਸ਼ੰਕਰ ਵਿਚਾਲੇ ਗੱਲਬਾਤ ਚੰਗੇ ਨਤੀਜੇ ਦੇਵੇਗੀ ਪਰ ਇਸ ਦੌਰਾਨ ਫਾਈਵ ਆਈ ( ਪੰਜ ਮਹਾਂਸ਼ਕਤੀਆਂ ਦਾ ਇਕ ਖੁਫੀਆ ਤੰਤਰ) ਦੀ ਭੂਮਿਕਾ ਗਲੋਬਲ ਰਾਜਨੀਤੀ ਨੂੰ ਨਿਰਦੇਸ਼ਤ ਕਰਦੀ ਦਿਖਾਈ ਦਿੰਦੀ ਹੈ। ਮਹਾਂਸ਼ਕਤੀ ਅਮਰੀਕਾ ਤੇ ਮਿੱਤਰ ਮੁਲਕਾਂ ਵਲੋਂ ਰੂਸ-ਯੂਕਰੇਨ ਜੰਗ ਤੋਂ ਬਾਦ ਇਜ਼ਰਾਈਲ-ਹਮਾਸ ਵਿਵਾਦ ਵਿਚ ਅਰਬ ਮੁਲਕਾਂ ਦੇ ਵਿਰੋਧ ਦਾ ਸਾਹਮਣਾ ਕਰਦਿਆਂ ਭਾਰਤ ਵਰਗੇ ਮੁਲਕ ਨੂੰ ਆਪਣੀ ਰਾਜਨੀਤੀ ਮੁਤਾਬਿਕ ਵਰਤਣ ਦੀਆਂ ਕੋਸ਼ਿਸ਼ਾਂ ਕਿਸੇ ਨੂੰ ਵੀ ਦਾਅ ਤੇ ਲਗਾ ਸਕਦੀਆਂ ਹਨ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਗੁਰਦੁਆਰੇ ਵਿਚ ਚੋਰੀ ਕਰਨ ਵਾਲੇ ਨੌਜਵਾਨ ਨੂੰ ਕੁੱਟ-ਕੁੱਟ ਕੇ ਮਾਰਿਆ

ਮੋਗਾ-ਥਾਣਾ ਬਾਘਾਪੁਰਾਣਾ ਦੇ ਪਿੰਡ ਗੁਰੂ ਸਰ ਮਾੜੀ ਦੇ ਨੌਜਵਾਨ ਦੀ ਡਿੱਗਣ ਕਾਰਨ ਮੌਤ ਨਹੀਂ ਹੋਈ ਸੀ ਸਗੋਂ ਉਸ ਨੂੰ ਗੁਰਦੁਆਰੇ ਵਿੱਚ ਚੋਰੀ ਕਰਨ ਦੇ ਦੋਸ਼ ਹੇਠ ਹਜੂਮ ਨੇ ਕੁੱਟ-ਕੁੱਟ ਕੇ ਮਾਰਿਆ ਸੀ। ਇਹ ਘਟਨਾ ਸੀਸੀਟੀਵੀ ਕੈਮਰੇ ਵਿਚ ਕੈਦ ਹੋ ਗਈ ਸੀ ਜਿਸ ਦੀ ਹੁਣ ਵੀਡੀਓ ਵਾਇਰਲ ਹੋਣ ਮਗਰੋਂ ਪੁਲੀਸ ਨੇ ਯੂ-ਟਰਨ ਲੈਂਦਿਆਂ ਮੁਲਜ਼ਮਾਂ ਖ਼ਿਲਾਫ਼ ਹੱਤਿਆ ਦਾ ਕੇਸ ਦਰਜ ਕਰ ਦਿੱਤਾ ਹੈ। ਬਾਘਾਪੁਰਾਣਾ ਪੁਲੀਸ ਨੇ ਮ੍ਰਿਤਕ ਨੌਜਵਾਨ ਕਰਮ ਸਿੰਘ (37) ਦੀ ਮਾਂ ਸੀਤੋ ਕੌਰ (70) ਦੇ ਬਿਆਨ ਉੱਤੇ ਨਾਨਕ ਸਿੰਘ, ਜਗਤਾਰ ਸਿੰਘ, ਸੀਰਾ ਸਿੰਘ, ਗੁਰਨਾਮ ਸਿੰਘ, ਧਰਮਪਾਲ, ਕਾਕੂ ਸਿੰਘ ਅਤੇ 14-15 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ ਜਿਸ ਦੀ ਜਾਂਚ ਥਾਣਾ ਮੁਖੀ ਇੰਸਪੈਕਟਰ ਜਸਵਰਿੰਦਰ ਸਿੰਘ ਕਰ ਰਹੇ ਹਨ। ਜਾਣਕਾਰੀ ਮੁਤਾਬਕ ਪਿੰਡ ਗੁਰੂ ਸਰ ਮਾੜੀ ਵਿੱਚ 15 ਅਕਤੂਬਰ ਨੂੰ ਪਿੰਡ ਦੇ ਗੁਰਦੁਆਰੇ 'ਚੋਂ ਚੋਰੀ ਦੀ ਘਟਨਾ ਤੋਂ ਬਾਅਦ ਪਿੰਡ ਵਾਸੀਆਂ ਨੇ ਕਰਮ ਸਿੰਘ ਦੀਆਂ ਬਾਹਾਂ ਬੰਨ੍ਹ ਕੇ ਬੇਰਹਿਮੀ ਨਾਲ ਕੁੱਟਮਾਰ ਕੀਤੀ ਸੀ ਅਤੇ ਜ਼ਖ਼ਮਾਂ ਦੀ ਤਾਬ ਨਾ ਝਲਦਾ ਹੋਇਆ ਕਰਮ ਸਿੰਘ ਦਮ ਤੋੜ ਗਿਆ। ਇਸ ਮੌਕੇ ਪੁਲੀਸ ਨੇ ਧਾਰਾ 174 ਸੀਆਰਪੀਸੀ ਤਹਿਤ ਪੋਸਟ ਮਾਰਟਮ ਦੀ ਕਾਰਵਾਈ ਕਰਕੇ ਮਾਮਲਾ ਇਹ ਕਹਿੰਦਿਆਂ ਠੰਢੇ ਬਸਤੇ ਵਿਚ ਪਾ ਦਿੱਤਾ ਕਿ ਪਰਿਵਾਰ ਨੇ ਸਮਝੌਤਾ ਕਰ ਲਿਆ ਹੈ ਪਰ ਇਸ ਦੀ ਵੀਡੀਓ ਵਾਇਰਲ ਹੋਣ ਮਗਰੋਂ ਜ਼ਿਲ੍ਹਾ ਪੁਲੀਸ ਮੁਖੀ ਜੇ. ਐਲਨਚੇਜ਼ੀਅਨ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕੇਸ ਦਰਜ ਕਰਨ ਦਾ ਹੁਕਮ ਦਿੱਤਾ। ਐਫ਼ਆਈਆਰ ਮੁਤਾਬਕ ਮ੍ਰਿਤਕ ਨੌਜਵਾਨ ਮਾਂ ਸੀਤੋ ਕੌਰ ਨੇ ਪੁਲੀਸ ਨੂੰ ਦਿੱਤੇ ਬਿਆਨ ਵਿਚ ਕਿਹਾ ਕਿ ਉਹ ਆਪਣੇ ਪਤੀ ਉਜਾਗਰ ਸਿੰਘ ਨਾਲ ਰਾਜਸਥਾਨ ਵਿਚ ਨਰਮਾ ਚੁਗਣ ਗਈ ਸੀ। ਉਸ ਨੂੰ ਦੱਸਿਆ ਗਿਆ ਕਿ ਉਸ ਦਾ ਲੜਕਾ ਕਰਮ ਸਿੰਘ ਚੋਰੀ ਕਰਨ ਗਿਆ ਸੀ ਜਿਥੇ ਡਿੱਗ ਕੇ ਉਹ ਗੰਭੀਰ ਜ਼ਖ਼ਮੀ ਹੋ ਗਿਆ ਤੇ ਮੋਹਤਬਰਾਂ ਦੇ ਕਹਿਣ 'ਤੇ ਪੋਸਟਮਾਰਟਮ ਦੀ ਕਾਰਵਾਈ ਕਰਵਾ ਦਿੱਤੀ। ਪੀੜਤਾ ਨੇ ਕਿਹਾ ਕਿ ਕੁਝ ਦਿਨ ਬਾਅਦ ਸੋਸ਼ਲ ਮੀਡੀਆ ਉੱਤੇ ਵੀਡੀਓ ਵਾਇਰਲ ਹੋਣ ਉੱਤੇ ਉਸ ਨੂੰ ਪਤਾ ਲੱਗਾ ਕਿ ਉਸ ਦੇ ਪੁੱਤਰ ਨੂੰ ਗੁਰਦੁਆਰੇ ਦੀ ਗੋਲਕ ਵਿਚੋਂ ਪੈਸੇ ਚੋਰੀ ਕਰਨ ਦੇ ਦੋਸ਼ ਹੇਠ ਬੰਨ੍ਹ ਕੇ ਕੁੱਟਮਾਰ ਕੀਤੀ ਗਈ ਜਿਸ ਕਾਰਨ ਉਸ ਦੇ ਪੁੱਤਰ ਦੀ ਮੌਤ ਹੋ ਗਈ।

## ਬਜ਼ੁਰਗ ਪੱਤਰਕਾਰ ਤੇ ਲੇਖਕ ਸੁਰਜਨ ਜ਼ੀਰਵੀ ਦਾ ਦੇਹਾਂਤ



ਬਰੈਂਪਟਨ-ਪੰਜਾਬੀ ਪੱਤਰਕਾਰ ਤੇ ਲੇਖਕ ਸੁਰਜਨ ਸਿੰਘ ਜ਼ੀਰਵੀ (93) ਦਾ ਕੈਨੇਡਾ ਦੇ ਟੋਰਾਂਟੋ ਸ਼ਹਿਰ ਵਿੱਚ ਦੇਹਾਂਤ ਹੋ ਗਿਆ। ਉਹ ਰੋਜ਼ਾਨਾ ਪੰਜਾਬੀ ਅਖਬਾਰ 'ਨਵਾਂ ਜ਼ਮਾਨਾ' ਦੇ ਨਿਊਜ਼ ਐਡੀਟਰ ਰਹੇ ਹਨ। ਉਨ੍ਹਾਂ ਸਰਕਾਰੀ ਸਕੂਲ ਜ਼ੀਰਾ ਤੋਂ ਦਸਵੀਂ ਪਾਸ ਕੀਤੀ। ਉਹ ਕੈਨੇਡਾ ਵਿੱਚ ਸੈਟਲਮੈਂਟ ਕਾਊਂਸਲਰ ਵਜੋਂ ਵੀ ਸਰਗਰਮ ਰਹੇ। ਉਨ੍ਹਾਂ ਦੀ ਧੀ ਸੀਰਤ ਅਤੇ ਜਵਾਈ ਨਵਤੇਜ ਸਿੰਘ ਕੈਨੇਡਾ ਰਹਿੰਦੇ ਹਨ। ਉਨ੍ਹਾਂ ਦੇ ਮਿੱਤਰ ਤੇ ਚਿੰਤਕ ਹਰੀਸ਼ ਪੁਰੀ ਨੇ ਆਖਿਆ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਦੇ ਸਮਾਜ, ਸਿਆਸਤ ਅਤੇ ਇਤਿਹਾਸ ਬਾਰੇ ਸਮਝ ਅਦੁੱਤੀ ਸੀ। ਉੱਘੇ ਪੱਤਰਕਾਰ ਜਤਿੰਦਰ ਪੰਨੂ ਨੇ ਉਨ੍ਹਾਂ ਨੂੰ ਆਪਣਾ ਗੁਰੂ ਅਤੇ ਉਸਤਾਦ ਦੱਸਿਆ। ਸੁਰਜਨ ਜ਼ੀਰਵੀ ਪੰਜਾਬੀ ਦੇ ਨਾਮਵਰ ਪੱਤਰਕਾਰਾਂ ਵਿੱਚੋਂ ਚੋਟੀ 'ਤੇ ਸਨ। ਉਨ੍ਹਾਂ ਨੇ 40 ਸਾਲ 'ਨਵਾਂ ਜ਼ਮਾਨਾ' ਵਿੱਚ ਕੰਮ ਕੀਤਾ। ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਸਰਗਰਮ ਕਾਰਕੁਨ ਰਹੇ। ਸਾਲ 1953-54 ਵਿੱਚ ਉਨ੍ਹਾਂ ਨੇ 'ਲੋਕ ਯੁੱਗ' ਪਰਚਾ ਕੱਢਿਆ। ਪੰਜਾਬੀ ਸੂਬਾ ਮੋਰਚੇ ਵਿੱਚ ਸ਼ਮੂਲੀਅਤ ਕਰ ਕੇ ਉਨ੍ਹਾਂ ਨੇ ਜੇਲ੍ਹ ਵੀ ਕੱਟੀ। ਉਹ 1990 ਵਿੱਚ ਕੈਨੇਡਾ ਪਰਵਾਸ ਕਰ ਗਏ। ਸੁਰਜਨ ਜ਼ੀਰਵੀ ਦੀਆਂ ਰਚਨਾਵਾਂ ਵਿੱਚ ਉਨ੍ਹਾਂ ਦੀ 'ਇਹ ਹੈ ਬਾਰਬੀ ਸੰਸਾਰ' ਨਾਮ ਦੀ ਪੁਸਤਕ ਬਹੁਤ ਮਸ਼ਹੂਰ ਹੋਈ ਸੀ। ਇਸੇ ਤਰ੍ਹਾਂ 'ਆਓ ਸੱਚ ਜਾਣੀਏ' ਵੀ ਚਰਚਾ 'ਚ ਰਹੀ। 'ਕਾਰਲ ਮਾਰਕਸ: ਇੱਕ ਅਦਭੁੱਤ ਗਾਥਾ', 'ਖ਼ਯਾਮ ਦੀਆਂ ਰੁਬਾਈਆਂ ਦਾ ਪੰਜਾਬੀ ਰੂਪ', 'ਜਮਹੂਰੀਅਤ: ਕੁਝ ਪ੍ਰਸ਼ਨ', 'ਖ਼ੂਬਸੂਰਤੀ ਦੇ ਮੁਖੌਟੇ ਪਿੱਛੇ ਲੁਕੀ ਦਰਿੰਦਗੀ' ਤੇ 'ਦੋ ਗੱਲਾਂ ਮੇਰੀ ਪੱਤਰਕਾਰੀ ਦੇ ਰੰਗ ਬਾਰੇ' ਲੇਖ ਉਨ੍ਹਾਂ ਦੇ ਯਾਦਗਾਰੀ ਲੇਖ ਹਨ।

## ਕੈਨੇਡਾ ਤੇ ਹੋਰ ਮੁਲਕਾਂ ਦੇ ਜਾਅਲੀ ਵੀਜ਼ੇ ਲਗਵਾਉਣ ਦੇ ਦੋਸ਼ ਹੇਠ ਤਿੰਨ ਗ੍ਰਿਫ਼ਤਾਰ

ਨਵੀਂ ਦਿੱਲੀ-ਦਿੱਲੀ ਪੁਲੀਸ ਦੀ ਕ੍ਰਾਈਮ ਬ੍ਰਾਂਚ ਨੇ ਅੱਜ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਕੈਨੇਡਾ ਅਤੇ ਖਾੜੀ ਦੇਸ਼ਾਂ ਦਾ ਵੀਜ਼ਾ ਦਿਵਾਉਣ ਦੇ ਬਹਾਨੇ ਠੱਗੀਆਂ ਮਾਰਨ ਵਾਲੇ ਇੱਕ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਤਰੁਣ ਕੁਮਾਰ (43), ਵਨਾਇਕ ਉਰਫ਼ ਬਿਨੀ (29) ਅਤੇ ਜਸਵਿੰਦਰ ਸਿੰਘ (25) ਵਾਸੀ ਪੰਜਾਬ ਵਜੋਂ ਹੋਈ ਹੈ। ਵਿਸ਼ੇਸ਼ ਪੁਲੀਸ ਕਮਿਸ਼ਨਰ (ਅਪਰਾਧ) ਰਵਿੰਦਰ ਸਿੰਘ ਯਾਦਵ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੂੰ ਚੰਡੀਗੜ੍ਹ ਤੇ ਪੰਜਾਬ ਸਥਿਤ 'ਬਿਰਲਾ ਜੀ' ਵਜੋਂ ਜਾਣੀ ਜਾਂਦੀ ਇੱਕ ਕੰਪਨੀ ਵੱਲੋਂ ਕਈ ਲੋਕਾਂ ਨਾਲ ਧੋਖਾਧੜੀ ਕਰਨ ਦੀ ਸੂਚਨਾ ਮਿਲੀ ਸੀ। ਇਸ ਕੰਪਨੀ ਨੇ ਕੈਨੇਡੀਅਨ ਵੀਜ਼ਾ ਦੇਣ ਦਾ ਵਾਅਦਾ ਕਰਦਿਆਂ ਲੋਕਾਂ ਨੂੰ ਜਾਅਲੀ ਵੀਜ਼ੇ ਦਿੱਤੇ। ਜਾਂਚ ਵਿਚ ਪਤਾ ਲੱਗਿਆ ਕਿ ਤਰੁਣ ਅਤੇ ਕਰਨ ਚੰਡੀਗੜ੍ਹ ਦੇ ਸੈਕਟਰ-34-ਏ ਵਿੱਚ ਚੰਡੀਗੜ੍ਹ ਟੂ ਅਬਰੌਡ ਨਾਮੀ ਕੰਪਨੀ ਚਲਾ ਰਹੇ ਸਨ ਤੇ ਲੋਕਾਂ ਨਾਲ ਠੱਗੀਆਂ ਮਾਰਦੇ ਸਨ। ਪੁਲੀਸ ਨੇ ਇਨ੍ਹਾਂ ਦੇ ਦਫ਼ਤਰ ਵਿਚ ਛਾਪਾ ਮਾਰਿਆ। ਇਸ ਮੌਕੇ ਦਫ਼ਤਰ ਵਿਚੋਂ ਜਾਅਲੀ ਦਸਤਾਵੇਜ਼, ਲੈਪਟਾਪ, ਨਕਲੀ ਵੀਜ਼ਾ ਵਾਲੇ ਪਾਸਪੋਰਟ, ਇੱਕ ਬਾਰਕੋਡ ਮੇਕਰ, ਲੈਮੀਨੇਟਰ ਮਸ਼ੀਨ, ਰੋਲ ਅਤੇ ਜਾਅਲੀ ਦਸਤਾਵੇਜ਼ ਬਣਾਉਣ ਲਈ ਵਰਤੀ ਜਾਂਦੀ ਸਟੇਸ਼ਨਰੀ ਦੇ ਨਾਲ-ਨਾਲ ਕਈ ਫਰਮਾਂ ਅਤੇ ਕੌਮਾਂਤਰੀ ਬੈਂਕਾਂ ਦੀਆਂ ਸਟੈਂਪਾਂ ਵੀ ਮਿਲੀਆਂ। ਇਹ ਵੀ ਪਤਾ ਲੱਗਿਆ ਕਿ ਤਰੁਣ ਆਪਣੇ ਇਕ ਮੁਲਾਜ਼ਮ ਜਸਵਿੰਦਰ ਸਿੰਘ ਦੇ ਨਾਂ 'ਤੇ ਦਫਤਰ ਚਲਾ ਰਿਹਾ ਸੀ।

## ਐਸ ਵਾਈ ਐਲ ਮੁੱਦੇ ਤੇ ਭਗਵੰਤ ਮਾਨ ਨੇ ਬਹਿਸ ਦੀ ਰੂਪ-ਰੇਖਾ ਐਲਾਨੀ

ਸਫ਼ਾ 1 ਦੀ ਬਾਕੀ

ਅਪੀਲ ਕੀਤੀ ਹੈ, ਜਿਸ ਦਾ ਮਤਲਬ ਹੈ ਕਿ 'ਖੁੱਲ੍ਹੀ ਬਹਿਸ' ਦੇ ਸਮਾਗਮ ਦਾ ਵੱਡਾ ਪੰਡਾਲ ਸਜੇਗਾ। ਖੁੱਲ੍ਹੀ ਬਹਿਸ ਦੇ ਰੌਚਕ ਰਹਿਣ ਦੀ ਸੰਭਾਵਨਾ ਹੈ ਕਿਉਂਕਿ ਭਾਜਪਾ ਦੇ ਸੁਨੀਲ ਜਾਖੜ ਬਹਿਸ ਵਿੱਚ ਸ਼ਮੂਲੀਅਤ ਕਰਨ ਦਾ ਐਲਾਨ ਕਰ ਚੁੱਕੇ ਹਨ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਵੀ ਬਹਿਸ ਵਿੱਚ ਸ਼ਾਮਲ ਹੋਣ ਦੀਆਂ ਕਨਸੋਆਂ ਹਨ। ਖ਼ਾਸ ਗੱਲ ਇਹ ਹੈ ਕਿ ਪੰਜਾਬ ਦੇ ਮੁੱਦਿਆਂ ਦੀ ਗੱਲ 'ਪੰਜਾਬ ਦਿਵਸ' ਮੌਕੇ ਹੋਵੇਗੀ। ਵਿਰੋਧੀ ਧਿਰਾਂ ਵੱਲੋਂ 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਦੀਆਂ ਨਾਕਾਮੀਆਂ ਨੂੰ ਉਭਾਰੇ ਜਾਣ ਦੀ ਸੰਭਾਵਨਾ ਹੈ। ਕਿਸਾਨ ਖ਼ੁਦਕੁਸ਼ੀਆਂ, ਨਸ਼ਿਆਂ ਦੇ ਮੁੱਦੇ, ਪੰਜਾਬ ਸਿਰ ਚੜ੍ਹ ਕਰਜ਼ੇ ਅਤੇ ਬੇਅਦਬੀ ਦੇ ਮਾਮਲਿਆਂ 'ਤੇ ਵੀ ਚਰਚਾ ਹੋਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਲੋਕ ਇਸ ਮੌਕੇ 'ਤੇ ਰਵਾਇਤੀ ਪਾਰਟੀਆਂ ਕੋਲੋਂ ਸੂਬੇ ਨਾਲ ਕੀਤੇ ਗੁਨਾਹਾਂ ਦਾ ਜਵਾਬ ਮੰਗਣਗੇ। ਮੁੱਖ ਮੰਤਰੀ ਨੇ ਕਿਹਾ, "ਖੁੱਲ੍ਹੀ ਬਹਿਸ ਪੰਜਾਬ ਨੂੰ ਹੁਣ ਤੱਕ ਕਿੰਨੇ ਤੇ ਕਿਵੇਂ ਲੁੱਟਿਆ ਦੁਆਲੇ ਕੇਂਦਰਿਤ ਹੋਵੇਗੀ। ਇਸ ਬਹਿਸ ਵਿੱਚ ਭਾਈ-ਭਤੀਜੇ, ਸਾਲੇ-ਜੀਜੇ, ਮਿੱਤਰ-ਮੁਲਾਹਜ਼ੇ, ਟੋਲ ਪਲਾਜ਼ੇ, ਜਵਾਨੀ-ਕਿਸਾਨੀ, ਵਪਾਰ-ਦੁਕਾਨਦਾਰ, ਗੁਰੂਆਂ ਦੀ ਬਾਣੀ, ਨਹਿਰਾਂ ਦਾ ਪਾਣੀ ਦੀ ਗੱਲ ਹੋਵੇਗੀ।" ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਦੇ ਲੀਡਰਾਂ ਨੇ ਇਨ੍ਹਾਂ ਸਾਰੇ ਮਸਲਿਆਂ 'ਤੇ ਪੰਜਾਬ ਨਾਲ ਗੱਦਾਰੀ ਕੀਤੀ ਹੈ, ਜਿਸ ਲਈ ਇਨ੍ਹਾਂ ਨੂੰ ਸੂਬੇ ਦੇ ਲੋਕਾਂ ਅੱਗੇ ਜੁਆਬਦੇਹ ਬਣਾਇਆ ਜਾਵੇਗਾ। ਚੇਤੇ ਰਹੇ ਕਿ ਮੁੱਖ ਮੰਤਰੀ ਨੇ ਇਨ੍ਹਾਂ ਨੇਤਾਵਾਂ ਨੂੰ ਪੰਜਾਬ ਵਾਸੀਆਂ ਅਤੇ ਮੀਡੀਆ ਸਾਹਮਣੇ ਖੁੱਲ੍ਹੀ ਬਹਿਸ ਲਈ ਵੰਗਾਰਿਆ ਸੀ।

## ਭਾਰਤ ਨਾਲ ਵਿਗੜ ਰਹੇ ਸੰਬੰਧਾਂ ਲਈ ਟਰੂਡੋ ਜ਼ਿੰਮੇਵਾਰ-ਪੋਲੀਵਰ ਦਾ ਦੋਸ਼

ਸਫ਼ਾ 1 ਦੀ ਬਾਕੀ

ਨਿੱਝਰ ਦੇ ਕਤਲ ਸਬੰਧੀ ਟਰੂਡੋ ਦੇ ਖੁਲਾਸੇ ਤੋਂ ਪਹਿਲਾਂ ਇਸ ਸਾਲ ਦੇ ਸ਼ੁਰੂ ਵਿਚ ਭਾਰਤ ਨੇ ਕੈਨੇਡਾ ਵਿਚ ਡਿਪਲੋਮੈਟਿਕ ਮਿਸਨਾਂ ਦੇ ਬਾਹਰ ਸਿੱਖ ਵੱਖਵਾਦੀ ਗਰੁੱਪਾਂ ਵਲੋਂ ਵਿਰੋਧ ਪ੍ਰਦਰਸ਼ਨ ਕਰਨ ਅਤੇ ਭਾਰਤ ਦੇ ਡਿਪਲੋਮੈਟਾਂ ਦੇ ਘਰਾਂ ਦੇ ਪਤੇ ਦੱਸਣ ਲਈ ਨਕਦ ਇਨਾਮਾਂ ਦੀ ਪੇਸ਼ਕਸ਼ ਕਰਨ ਵਾਲੇ ਪੋਸਟਰਾਂ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ ਸੀ। ਫਿਰ ਨਵੀਂ ਦਿੱਲੀ ਨੇ ਰਸਮੀ ਤੌਰ 'ਤੇ ਕੈਨੇਡਾ ਨੂੰ ਵਿਦੇਸ਼ੀ ਕੂਟਨੀਤਕਾਂ ਦੀ ਸੁਰੱਖਿਆ ਲਈ ਆਪਣਾ ਫਰਜ਼ ਬਿਹਤਰ ਢੰਗ ਨਾਲ ਨਿਭਾਉਣ ਲਈ ਆਖਿਆ ਸੀ। ਅਗਸਤ ਮਹੀਨੇ ਦੇ ਅਖੀਰ ਵਿਚ ਕੈਨੇਡਾ ਵਿਚ ਭਾਰਤ ਦੇ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਇਸ ਗੱਲ ਤੋਂ ਬਹੁਤ ਸੰਤੁਸ਼ਟ ਹੈ ਕਿ ਲਿਬਰਲ ਸਰਕਾਰ ਨੇ ਢੁਕਵਾਂ ਜਵਾਬ ਦਿੱਤਾ ਅਤੇ ਉਸ ਦੇ ਡਿਪਲੋਮੈਟ ਸੁਰੱਖਿਅਤ ਹਨ। ਪੋਲੀਵਰ ਨੇ ਇਕ ਮੁਲਾਕਾਤ ਵਿਚ ਹਿੰਦੂ ਪੂਜਾ ਸਥਾਨਾਂ ਵਿਖੇ ਭੰਨਤੋੜ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਕਿ ਟਰੂਡੋ ਕੈਨੇਡੀਅਨਾਂ ਨੂੰ ਇਕ ਦੂਸਰੇ ਦੇ ਖਿਲਾਫ ਕਰ ਰਹੇ ਹਨ। ਉਹ ਹਿੰਦੂ ਮੰਦਿਰਾਂ, ਹਿੰਦੂ ਨੇਤਾਵਾਂ ਖਿਲਾਫ ਧਮਕੀਆਂ ਦੀ ਜ਼ੋਰਦਾਰ ਨਿਖੇਧੀ ਕਰਦੇ ਹਨ। ਜਿਹੜਾ ਵੀ ਵਿਅਕਤੀ ਹਿੰਦੂ ਮੰਦਿਰਾਂ ਵਿਚ ਜਾਇਦਾਦ ਜਾਂ ਲੋਕਾਂ 'ਤੇ ਹਮਲਾ ਕਰਦਾ ਹੈ ਉਸ ਦੇ ਖਿਲਾਫ ਅਪਰਾਧਿਕ ਦੋਸ਼ ਲੱਗਣੇ ਚਾਹੀਦੇ ਹਨ ਜਿਵੇਂ ਹੋਰ ਥਾਈਂ ਹੁੰਦਾ ਹੈ। ਮੁਲਾਕਾਤ ਵਿਚ ਪੋਲੀਵਰ ਨੇ ਨਿੱਝਰ ਦੇ ਮਾਮਲੇ ਦਾ ਜ਼ਿਕਰ ਨਹੀਂ ਕੀਤਾ ਅਤੇ ਨਾ ਹੀ ਇੰਟਰਵਿਊ ਲੈਣ ਵਾਲੇ ਨੇ ਇਸ ਸਬੰਧੀ ਕੋਈ ਪ੍ਰਸ਼ਨ ਪੁੱਛਿਆ। ਪਿਛਲੇ ਸਮੇਂ ਪੋਲੀਵਰ ਨੇ ਕਿਹਾ ਸੀ ਕਿ ਹੱਤਿਆ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਮੁਕੱਦਮਾ ਚਲਾਇਆ ਜਾਵੇ ਅਤੇ ਟਰੂਡੋ ਨੂੰ ਅਪੀਲ ਕੀਤੀ ਸੀ ਕਿ ਉਹ ਮਾਮਲੇ ਬਾਰੇ ਹੋਰ ਜਾਣਕਾਰੀ ਮੁਹੱਈਆ ਕਰੇ। ਪੋਲੀਵਰ ਨੇ ਕੈਨੇਡਾ ਵਿਚ ਸਿੱਖਾਂ ਦਾ ਜ਼ਿਕਰ ਨਹੀਂ ਕੀਤਾ ਅਤੇ ਨਾ ਹੀ ਉਨ੍ਹਾਂ ਲੋਕਾਂ ਦਾ ਜ਼ਿਕਰ ਕੀਤਾ ਜਿਹੜੇ ਭਾਰਤ ਦੇ ਪੰਜਾਬ ਸੂਬੇ ਵਿਚ ਵੱਖਰਾ ਦੇਸ਼ ਖਾਲਿਸਤਾਨ ਬਣਾਉਣ ਦੀ ਵਕਾਲਤ ਕਰਦੇ ਹਨ ਪਰ ਵਿਸ਼ਵ ਸਿੱਖ ਸੰਗਠਨ ਨੇ ਕਿਹਾ ਕਿ ਪੋਲੀਵਰ ਅਸਿੱਧੇ ਤੌਰ 'ਤੇ ਸਿੱਖਾਂ 'ਤੇ ਉਂਗਲੀ ਉਠਾ ਰਹੇ ਹਨ। ਗਰੁੱਪ ਦੇ ਵਕੀਲ ਬਲਪ੍ਰੀਤ ਸਿੰਘ ਨੇ ਕਿਹਾ ਕਿ ਅਸੀਂ ਕੈਨੇਡਾ ਦੀ ਪ੍ਰਭੂਸਤਾ ਦੀ ਉਲੰਘਣਾ ਅਤੇ ਕੈਨੇਡਾ ਦੀ ਧਰਤੀ 'ਤੇ ਇਕ ਕੈਨੇਡੀਅਨ ਦੀ ਹੱਤਿਆ ਦੀ ਗੱਲ ਕਰ ਰਹੇ ਹਾਂ।

## ਕਤਰ ਦੀ ਅਦਾਲਤ ਨੇ ਭਾਰਤੀ ਜਲ ਸੈਨਾ ਦੇ 8 ਸਾਬਕਾ ਅਧਿਕਾਰੀਆਂ...

ਸਫ਼ਾ 1 ਦੀ ਬਾਕੀ

ਨੂੰ ਗ੍ਰਿਫ਼ਤਾਰ ਕੀਤਾ ਸੀ। ਇਸੇ ਮਾਮਲੇ ਵਿਚ ਨਿੱਜੀ ਰੱਖਿਆ ਕੰਪਨੀ ਦੀ ਚੀਫ਼ ਐਗਜ਼ੀਕਿਊਟਿਵ ਅਧਿਕਾਰੀ ਅਤੇ ਕਤਰ ਦੇ ਅੰਤਰਰਾਸ਼ਟਰੀ ਸੈਨਿਕ ਆਪਰੇਸ਼ਨਾਂ ਦੇ ਮੁਖੀ ਨੂੰ ਵੀ ਇਸੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ।

### ਭਾਰਤ ਵਲੋਂ ਸਾਰੇ ਕਾਨੂੰਨੀ ਵਿਕਲਪਾਂ ਦੀ ਪੜਚੋਲ

ਕਤਰ ਦੀ ਅਦਾਲਤ ਵਲੋਂ ਜਲ ਸੈਨਾ ਦੇ 8 ਸਾਬਕਾ ਭਾਰਤੀ ਅਧਿਕਾਰੀਆਂ ਨੂੰ ਕਤਰ ਦੀ ਅਦਾਲਤ ਵਲੋਂ ਮੌਤ ਦੀ ਸਜ਼ਾ ਸੁਣਾਉਣ ਪਿੱਛੋਂ ਭਾਰਤ ਸਰਕਾਰ ਸਾਰੇ ਕਾਨੂੰਨੀ ਬਦਲਾਂ ਦੀ ਪੜਚੋਲ ਕਰ ਰਹੀ ਹੈ। ਭਾਰਤੀ ਜਲ ਸੈਨਾ ਦੇ ਇਹ ਸਾਰੇ ਸਾਬਕਾ ਅਫਸਰ ਸਲਾਹਕਾਰ ਕੰਪਨੀ ਅਲਦਾਹਰਾ ਲਈ ਕੰਮ ਕਰਦੇ ਸਨ ਜਿਹੜੀ ਪਣਡੁੱਬੀਆਂ ਦੀ ਖਰੀਦ ਲਈ ਕਤਰ ਸਰਕਾਰ ਨੂੰ ਸਲਾਹ ਦਿੰਦੀ ਸੀ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਸੀਂ ਪਰਿਵਾਰਕ ਮੈਂਬਰਾਂ ਅਤੇ ਕਾਨੂੰਨੀ ਟੀਮ ਨਾਲ ਸੰਪਰਕ ਬਣਾਇਆ ਹੋਇਆ ਹੈ ਅਤੇ ਸਾਰੇ ਵਿਕਲਪਾਂ ਦੀ ਖੋਜ ਕਰ ਰਹੇ ਹਾਂ।


ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਦੀਨ ਦੁਨੀ ਦੇ ਥੰਮ ਸ੍ਰੀ ਗੁਰੂ ਰਾਮਦਾਸ ਜੀ

ਗੁਰੂ ਰਾਮ ਦਾਸ ਉਸੇ ਰੱਬੀ ਅਤੇ ਨੂਰਾਨੀ ਜੋਤਿ ਦੇ ਚੌਥੇ ਸਰੂਪ ਹਨ ਜਿਸ ਦਾ ਪ੍ਰਕਾਸ਼ ਪਾਰਬ੍ਰਹਮ ਪਰਮੇਸ਼ਵਰ ਨੇ ਗੁਰੂ ਨਾਨਕ ਵਿੱਚ ਪ੍ਰਜਲਵਿਤ ਕੀਤਾ। 'ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ'। ਗੁਰ ਪਰਮੇਸ਼ਵਰ ਦੀ ਪਦਵੀ ਬਖਸ਼ਣ ਉਪਰੰਤ ਆਦੇਸ਼ ਦਿੱਤਾ ਕਿ ਲੋਕਾਈ ਨੂੰ ਧਰਮ ਦੇ ਨਾਮ 'ਤੇ ਕੀਤੇ ਜਾ ਰਹੇ ਫੋਕਟ ਕਰਮਕਾਂਡ, ਪਖੰਡ, ਜਾਤ ਪਾਤ, ਊਚ ਨੀਚ ਦੀ ਵੰਡ, ਰਾਜਸੀ ਲੁੱਟ ਖਸੁੱਟ ਅਤੇ ਜਬਰ ਖ਼ਿਲਾਫ਼ ਚੇਤੰਨ ਕਰੋ। ਮਨੁੱਖੀ ਸਮਾਜ ਨੂੰ ਬਹੁ ਦੇਵਵਾਦ, ਜਾਤੀਵੰਡ, ਪਰ ਅਧੀਨਤਾ ਖ਼ਿਲਾਫ਼ ਜਾਗਰੂਕ ਤੇ ਬੰਧਨ ਮੁਕਤ ਕਰਨ ਅਤੇ ਮਨੁੱਖੀ ਹੱਕਾਂ ਦੀ ਆਜ਼ਾਦੀ ਲਈ ਕਾਰਜਸ਼ੀਲ ਹੋਣਾ ਇਸ ਵਿੱਚ ਸ਼ਾਮਲ ਸੀ। ਇਸ ਆਦੇਸ਼ ਦੀ ਪੂਰਤੀ ਤੇ ਪ੍ਰਾਪਤੀ ਲਈ ਆਦਿ ਗੁਰੂ ਨਾਨਕ ਸਾਹਿਬ ਨੇ ਪ੍ਰਭ ਕੀ ਬਾਣੀ ਰਾਹੀਂ ਕੁਰਾਹੇ ਪਈ ਮਨੁੱਖਤਾ ਨੂੰ ਰਾਹੇ ਤੋਰਿਆ ਪਰ ਇਨਾ ਵੱਡਾ ਕਾਰਜ ਇੱਕ ਜਾਮੇ ਵਿੱਚ ਫਲੀਭੂਤ ਨਹੀਂ ਸੀ ਹੋ ਸਕਦਾ। ਇਸ ਲਈ ਗੁਰੂ ਨਾਨਕ ਦੀ ਰੂਹਾਨੀ ਜੋਤਿ, ਕਾਇਆ ਪਲਟਦੀ ਰਹੀ ਅਤੇ ਦਸ ਸਰੂਪਾਂ ਵਿੱਚ ਪ੍ਰਕਾਸ਼ਮਾਨ ਹੋਈ। ਗੁਰਬਾਣੀ ਨੇ ਹੋਰ ਸਪਸ਼ਟ ਕੀਤਾ

ਲਹਣੈ ਪੰਥੁ ਧਰਮ ਕਾ ਕੀਆ ਅਮਰਦਾਸ ਭਲੇ ਕੌ ਦੀਆ

ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ।।

ਇਹ ਸਿੱਖੀ ਦਾ ਹੀ ਕ੍ਰਿਸ਼ਮਾ ਹੈ ਕਿ ਇੱਕ ਯਤੀਮ ਤੇ ਲਾਚਾਰ ਬਾਲਕ ਗੁਰ ਸੇਵਾ ਤੇ ਭਗਤ ਕਮਾਈ ਕਰਦਿਆਂ ਨਿਰੰਕਾਰੀ ਜੋਤਿ ਦਾ ਵਾਰਸ ਬਣਿਆ ਹੈ। ਗੁਰੂ ਪਦਵੀ ਪ੍ਰਾਪਤ ਕਰਨ ਤੋਂ ਪਹਿਲਾਂ ਪਾਤਸ਼ਾਹ ਦਾ ਨਾਮ ਜੇਠਾ ਸੀ। ਚੂਨਾ ਮੰਡੀ ਲਾਹੌਰ ਦੇ ਇਲਾਕੇ ਵਿੱਚ ਪਿਤਾ ਹਰਿਦਾਸ ਅਤੇ ਮਾਤਾ ਬੀਬੀ ਅਨੂਪੋ ਦੇ ਘਰ ਹੋਇਆ। ਸੱਤ ਸਾਲ ਦੀ ਉਮਰ ਵਿੱਚ ਮਾਤਾ ਪਿਤਾ ਗੁਜ਼ਰ ਗਏ ਤੇ ਦੁਨਿਆਵੀ ਤੌਰ 'ਤੇ ਔਕੜਾਂ ਅਤੇ ਮੁਸ਼ਕਲਾਂ ਦਾ ਦੌਰ ਸ਼ੁਰੂ ਹੋ ਗਿਆ। ਆਪ ਨੂੰ ਨਾਨੀ ਜੀ ਬਾਸਰਕੇ ਪਿੰਡ ਆਪਣੇ ਕੋਲ ਲੈ ਆਏ। ਗੁਜ਼ਾਰੇ ਲਈ ਛੋਟੀ ਉਮਰ ਵਿੱਚ ਘੁੰਗਣੀਆਂ ਵੇਚਣੀਆਂ ਪਈਆਂ। ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੀ ਸ਼ਰਨ ਵਿੱਚ ਆਏ ਤਾਂ ਗੁਰੂ ਪਾਤਸ਼ਾਹ ਨੇ ਬਾਲਕ ਜੇਠਾ ਨੂੰ ਗੁਰੂ ਭਗਤੀ ਅਤੇ ਸਾਧ-ਸੰਗਤ ਦੀ ਸੇਵਾ ਵਿੱਚ ਇੱਕ ਰਸ ਮਗਨ ਵੇਖਿਆ ਤਾਂ ਆਪਣੀ ਛੋਟੀ ਸਪੁੱਤਰੀ ਬੀਬੀ ਭਾਨੀ ਲਈ ਯੋਗ ਵਰ ਜਾਣ ਕੇ ਵਿਆਹ ਕਾਰਜ ਸੰਪਨ ਕੀਤਾ।



01ਗੁਰੂ ਅਮਰਦਾਸ ਜੀ ਉਨ੍ਹਾਂ ਵਿੱਚ ਸੱਚਾ ਤੇ ਸਫ਼ਲ ਸੇਵਕ ਦੇਖ ਰਹੇ ਸੀ। ਗੁਰਮਤਿ ਸਿਧਾਂਤਾ ਦੀ ਪਰਿਪੱਕਤਾ ਅਤੇ ਨਿਰਭੈਤਾ ਨਾਲ ਇਸ ਨੂੰ ਪ੍ਰਗਟ ਕਰਨ ਦੀ ਯੋਗਤਾ ਉਦੋਂ ਹੋਰ ਵਧੇਰੇ ਪ੍ਰਗਟ ਹੋਈ ਜਦੋਂ ਸਨਾਤਨ ਪੰਥੀਆਂ ਤੇ ਜਾਤ ਅਭਿਮਾਨੀ ਬ੍ਰਾਹਮਣਾਂ ਨੇ ਬਾਦਸ਼ਾਹ ਅਕਬਰ ਕੋਲ ਸਿੱਖ ਧਰਮ ਸਿਧਾਂਤਾ ਵਿਰੁੱਧ ਇੱਕ ਮੁਜਹਰਨਾਮਾ (ਮੇਜਰਨਾਮਾ) ਪੇਸ਼ ਕੀਤਾ। ਦੋਸ਼ ਲਗਾਇਆ ਗਿਆ ਕਿ ਪੁਰਾਣੇ ਸਨਾਤਨ ਧਰਮ ਦੀ ਮਰਿਆਦਾ ਭੰਗ ਕੀਤੀ ਹੈ। ਵਰਣ ਆਸ਼ਰਮ, ਊਚ-ਨੀਚ, ਅਵਤਾਰਾਂ, ਦੇਵੀ-ਦੇਵਤਿਆਂ ਤੇ ਮੂਰਤੀ ਪੂਜਾ ਦਾ ਖੰਡਨ ਕਰਦੇ ਹਨ। ਪਿਤਰ ਪੂਜਾ ਤੇ ਗਾਇਤ੍ਰੀ ਸੰਧਿਆ ਵੇਦ ਪਾਠ ਨਹੀਂ ਕਰਦੇ, ਗੁਰਬਾਣੀ ਉਚਾਰਦੇ ਹਨ। ਇਸ ਸ਼ਿਕਾਇਤ ਦਾ ਨਿਵਾਰਨ ਕਰਨ ਲਈ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਅਕਬਰ ਦੇ ਦਰਬਾਰ ਵਿੱਚ ਭੇਜਿਆ। ਇਲਜ਼ਾਮ ਮੁੜ ਦੁਹਰਾਏ ਗਏ ਤੇ ਕਿਹਾ ਇਹ ਗਾਇਤ੍ਰੀ ਮੰਤਰ ਪੜ੍ਹ ਕੇ ਸੁਣਾਉਣ। ਭਾਈ ਜੇਠਾ ਜੀ ਨੇ ਉੱਤਰ ਦਿੱਤਾ ਕਿ ਇਹ ਮੰਤਰ ਮੈਂ ਸੁਣਾ ਸਕਦਾ ਹਾਂ ਪਰ ਕਿਸੇ ਮਲੇਛ ਦੇ ਸਾਹਮਣੇ ਸੁਣਾਏ ਜਾਣ ਦੀ ਇਨ੍ਹਾਂ ਦੀ ਮਰਿਆਦਾ ਆਗਿਆ ਨਹੀਂ ਦਿੰਦੀ ਕਿਉਂਕਿ ਹਰ ਮੁਸਲਮਾਨ ਨੂੰ ਇਹ ਮਲੇਛ ਕਹਿੰਦੇ ਹਨ। ਇਉਂ ਉਨ੍ਹਾਂ ਨੇ ਗੁਰੂਘਰ ਦੇ ਦੋਖੀਆਂ ਨੂੰ ਨਿਰਉੱਤਰ ਤੇ ਸ਼ਰਮਿੰਦਾ ਕਰ ਦਿੱਤਾ। ਉਪਰੰਤ ਬਾਦਸ਼ਾਹ ਗੋਇੰਦਵਾਲ ਸਾਹਿਬ ਗੁਰੂ ਦਰਬਾਰ ਵਿੱਚ ਹਾਜ਼ਰ ਹੋਇਆ ਅਤੇ ਮਰਿਆਦਾ ਅਨੁਸਾਰ ਪੰਗਤ ਵਿੱਚ ਬੈਠ ਲੰਗਰ ਛਕ ਕੇ ਇਨਾ ਪ੍ਰਭਾਵਿਤ ਹੋਇਆ ਕਿ ਲੰਗਰ ਲਈ 22 ਪਿੰਡਾਂ ਦੀ ਜਾਗੀਰ ਲਾਉਣੀ ਚਾਹੀ ਪਰ ਗੁਰੂ ਜੀ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਫਿਰ ਇਹ ਬਾਦਸ਼ਾਹ ਦਾ ਲੰਗਰ ਹੋਏਗਾ। ਇਹ ਤਾਂ ਦਾਤੇ ਦਾ ਅਤੁੱਟ ਲੰਗਰ ਹੈ। ਹਰ ਸਿੱਖ ਸੇਵਕ ਇਸ ਵਿੱਚ ਵਿੱਤ ਅਨੁਸਾਰ ਹਿੱਸਾ ਪਾ ਸਕਦਾ ਹੈ।

ਸਿਧਾਂਤਕ ਪਰਪੱਕਤਾ ਤੇ ਸੇਵਾ ਤੋਂ ਪ੍ਰਸੰਨ ਹੋ ਗੁਰਗੱਦੀ ਭਾਈ ਜੇਠਾ ਜੀ ਨੂੰ ਬਖਸ਼ ਗੁਰੂ ਰਾਮਦਾਸ ਜੀ ਦੇ ਰੂਪ ਵਿੱਚ ਪ੍ਰਕਾਸ਼ਮਾਨ ਕੀਤਾ ਗਿਆ। ਗੁਰੂ ਸਿੱਖ ਤੇ ਸਿੱਖ ਗੁਰੂ ਹੈ, ਦਾ ਸਿਧਾਂਤ ਇਉਂ ਦਰਸਾਇਆ ਕਿ ਹਰ ਮਨੁੱਖ ਨੂੰ ਜੀਵਨ ਨਿਰਬਾਹ ਲਈ ਸੱਚੀ ਸੁੱਚੀ ਕਿਰਤ ਜ਼ਰੂਰੀ ਹੈ। ਗੁਰੂ ਰਾਮਦਾਸ ਜੀ ਨੇ 30 ਰਾਗਾਂ ਵਿੱਚ ਬਾਣੀ ਉਚਾਰ ਕੇ ਗੁਰੂ ਘਰ ਦਾ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ। ਗੁਰੂ ਰਾਮਦਾਸ ਜੀ ਦੀਆਂ ਬਖ਼ਸ਼ਿਸ਼ਾਂ ਦਾ ਕੋਈ ਅੰਤ ਨਹੀਂ। ਸਿੱਖ ਧਰਮ ਨੂੰ ਨਿਆਰੀ ਕੌਮ ਬਣਾਉਣ ਹਿੱਤ ਅੰਮ੍ਰਿਤਸਰ ਦੇ ਰੂਪ ਵਿੱਚ ਨਵਾਂ ਧਰਮ ਕੇਂਦਰ 'ਰਾਮਦਾਸਪੁਰ' (ਸ੍ਰੀ ਅੰਮ੍ਰਿਤਸਰ) ਦੀ ਬਖ਼ਸ਼ਿਸ਼ ਕੀਤੀ। ਇੱਥੇ ਅਜਿਹੇ ਸਰੋਵਰ ਦੀ ਰਚਨਾ ਕੀਤੀ ਜਿਸ ਨੇ ਇਸ਼ਨਾਨ ਦੀ ਏਕਤਾ ਤੇ ਪਵਿੱਤਰਤਾ ਸਥਾਪਿਤ ਕੀਤੀ। ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਣਾ ਦਾ ਹੁਕਮ ਵੀ ਚੌਥੇ ਪਾਤਿਸ਼ਾਹ ਨੇ ਧਰਮ ਤੇ ਧਰਮ ਅਸਥਾਨਾਂ ਨੂੰ ਜ਼ਾਤ-ਪਾਤ, ਰੂਪ ਰੰਗ, ਮਜ਼ਹਬ ਤੋਂ ਸੁਤੰਤਰ ਕਰਕੇ ਸਿੱਖ ਧਰਮ ਸਿਧਾਂਤ ਦੀ ਵਿਲੱਖਣਤਾ ਅਤੇ ਸੁਤੰਤਰਤਾ ਨੂੰ ਕਾਇਮ ਕੀਤਾ। ਇਸ ਉੱਤਮ ਪੰਥ ਦੇ ਮਾਰਗ 'ਤੇ ਚੱਲ ਕੇ ਹੀ ਅਸੀਂ ਆਪਣਾ ਜੀਵਨ ਸਫ਼ਲ ਅਤੇ ਕੌਮੀ ਭਵਿੱਖ ਉੱਜਲ ਕਰ ਸਕਦੇ ਹਾਂ।

## ਧੰਨ ਧੰਨ ਗੁਰੂ ਰਾਮਦਾਸ ਜੀ

ਪਵਿੱਤਰ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਜੋ ਕਿ ਪਹਿਲਾਂ ਰਾਮਦਾਸਪੁਰ ਅਤੇ ਉਸ ਤੋਂ ਪਹਿਲਾਂ ਗੁਰੂ ਕਾ ਚੱਕ ਨਾਂ ਨਾਲ ਜਾਣੀ ਜਾਂਦੀ ਸੀ। ਅੰਮ੍ਰਿਤਸਾਰ ਦੇ ਸੰਸਥਾਪਕ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਹਨ। ਗੁਰੂ ਰਾਮਦਾਸ ਜੀ ਦਾ ਸਾਦਗੀ ਭਰਪੂਰ ਜੀਵਨ ਅਤੇ ਉਨ੍ਹਾਂ ਦੁਆਰਾ ਰਚਿਤ ਬਾਣੀ ਅੱਜ ਵੀ ਸਾਨੂੰ ਜਿੱਥੇ ਚੰਗੀ ਜੀਵਨ ਜਾਚ ਸਿਖਾਉਂਦੀ ਹੈ, ਉੱਥੇ ਹੀ ਸਾਡਾ ਮਾਰਗਦਰਸ਼ਨ ਵੀ ਕਰਦੀ ਹੈ।

ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਇਤਿਹਾਸ ਅਨੁਸਾਰ 29 ਸਤੰਬਰ 1534 ਈਸਵੀ ਨੂੰ ਪਿਤਾ ਹਰੀਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਦਯਾ ਜੀ ਦੀ ਕੁੱਖੋਂ ਚੂਨਾ ਮੰਡੀ ਲਾਹੌਰ ਵਿਖੇ ਹੋਇਆ। ਆਪ ਦਾ ਬਚਪਨ ਦਾ ਨਾਮ ਭਾਈ ਜੇਠਾ ਸੀ। ਬਚਪਨ ਵਿੱਚ ਹੀ ਆਪ ਦੇ ਮਾਤਾ-ਪਿਤਾ ਅਕਾਲ ਚਲਾਣਾ ਕਰ ਗਏ। ਆਪ ਨੇ ਆਪਣਾ ਬਚਪਨ ਨਾਨਕੇ ਘਰ ਪਿੰਡ ਬਾਸਰਕੇ ਗਿੱਲਾਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਬਤੀਤ ਕੀਤਾ। ਘਰ ਵਿੱਚ ਗ਼ਰੀਬੀ ਹੋਣ ਕਾਰਨ ਆਪ ਨੂੰ ਜੀਵਨ ਨਿਰਵਾਹ ਲਈ ਘੁੰਗਣੀਆਂ ਵੇਚਣੀਆਂ ਪਈਆ। ਇਸ ਪ੍ਰਕਾਰ ਆਪ ਬਚਪਨ ਤੋਂ ਹੀ ਹੱਥੀਂ ਕਿਰਤ ਕਰਨ ਲੱਗ ਪਏ ਸੀ। ਮਨ ਵਿੱਚ ਗੁਰੂ ਅਮਰਦਾਸ ਜੀ ਨੂੰ ਮਿਲਣ ਦੀ ਤਾਂਘ ਲੈ ਆਪ ਗੋਇੰਦਵਾਲ ਸਾਹਿਬ ਪਹੁੰਚ ਗਏ। ਉੱਥੇ ਆਪ ਦਿਨ ਰਾਤ ਕੀਰਤਨ ਸੁਣਦੇ ਅਤੇ ਗੁਰੂ ਘਰ ਦੀ ਸੇਵਾ ਕਰਦੇ। ਇੱਥੇ ਵੀ ਆਪ ਨੇ ਆਪਣਾ ਜੀਵਨ ਨਿਰਵਾਹ ਘੁੰਗਣੀਆਂ ਵੇਚ ਕੇ ਹੀ ਕੀਤਾ। ਅਮਰਦਾਸ ਜੀ ਨੇ ਭਾਈ ਜੇਠਾ ਜੀ ਦੀ ਕਿਰਤ ਕਰਨ ਦੀ ਲਗਨ ਅਤੇ ਗੁਰੂ ਘਰ ਨਾਲ ਸ਼ਰਧਾ ਨੂੰ ਵੇਖਦਿਆਂ ਹੋਇਆਂ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਹੀ ਨਾਲ ਕਰ ਦਿੱਤਾ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਦਾ ਨਾਮ ਬਦਲ ਕੇ ਰਾਮਦਾਸ ਰੱਖ ਦਿੱਤਾ। ਗੁਰੂ ਅਮਰਦਾਸ ਜੀ ਨੇ ਗੁਰਿਆਈ ਦੇਣ ਲਈ ਭਾਈ ਰਾਮਾ ਅਤੇ ਭਾਈ ਜੇਠਾ (ਰਾਮਦਾਸ) ਜੀ ਦੀ ਪ੍ਰੀਖਿਆ ਲਈ। ਗੁਰੂ ਜੀ ਨੇ ਦੋਵਾਂ ਨੂੰ ਹੀ ਥੜ੍ਹਾ ਬਣਾਉਣ ਲਈ ਕਿਹਾ। ਗੁਰੂ ਅਮਰਦਾਸ ਜੀ ਕੋਈ ਨਾ ਕੋਈ ਕਮੀ ਕੱਢ ਕੇ ਥੜ੍ਹਾ ਢੁਆ ਦਿੰਦੇ ਰਹੇ। ਅਜਿਹਾ ਦੇਖ ਭਾਈ ਰਾਮਾ ਜੀ ਦਾ ਸਿਦਕ ਡੋਲ ਗਿਆ ਪਰ ਭਾਈ ਜੇਠਾ ਜੀ ਹਰ ਵਾਰੀ 'ਸਤਿ ਬਚਨ' ਕਹਿ ਦੁਬਾਰਾ ਥੜ੍ਹਾ ਬਣਾਉਣ ਲੱਗ ਪੈਂਦੇ। ਇਸ ਪ੍ਰਕਾਰ ਗੁਰੂ ਅਮਰਦਾਸ ਜੀ ਦੀ ਗੁਰਿਆਈ ਲਈ ਯੋਗ ਵਿਅਕਤੀ ਦੀ ਭਾਲ ਖ਼ਤਮ ਹੋ ਗਈ। ਸਤੰਬਰ 1574 ਈਸਵੀ ਨੂੰ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਸੌਂਪ ਦਿੱਤੀ।

ਗੁਰੂ ਅਮਰਦਾਸ ਜੀ ਦੇ ਕਹੇ ਅਨੁਸਾਰ ਆਪ ਨੇ ਗੁਰੂ ਕਾ ਚੱਕ (ਰਾਮਦਾਸਪੁਰ) ਦੀ ਨੀਂਹ 1574 ਈਸਵੀ ਵਿੱਚ ਰੱਖੀ। ਗੁਰੂ ਘਰ ਦੀ ਇਮਾਰਤ ਬਣਾਉਣ, ਧਰਮਸ਼ਾਲਾ ਅਤੇ ਸਰੋਵਰ ਦੀ ਉਸਾਰੀ ਲਈ ਬਹੁਤ ਧੰਨ ਦੀ ਜ਼ਰੂਰਤ ਸੀ। ਇਸ ਲਈ ਗੁਰੂ ਜੀ ਨੇ ਮਸੰਦ ਪ੍ਰਥਾ ਸ਼ੁਰੂ ਕੀਤੀ, ਇਸ ਪ੍ਰਥਾ ਦੇ ਅਧੀਨ ਸੰਗਤਾਂ ਨੂੰ ਗੁਰੂ ਘਰ ਵਿੱਚ ਹੋਣ ਵਾਲੇ ਕਾਰਜਾਂ ਤੋਂ ਜਾਣੂ ਕਰਵਾਇਆ ਜਾਂਦਾ ਸੀ ਅਤੇ ਉਨ੍ਹਾਂ ਵੱਲੋਂ ਭੇਟ ਕੀਤੀ ਗਈ ਮਾਇਆ ਨੂੰ ਸ੍ਰੀ ਦਰਬਾਰ ਸਾਹਿਬ ਵਿੱਚ ਜਮ੍ਹਾਂ ਕਰਵਾ ਦਿੱਤਾ ਜਾਂਦਾ। ਆਪ ਦੇ ਗ੍ਰਹਿ ਵਿਖੇ ਤਿੰਨ ਪੁਤਰਾਂ ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ ਦਾ ਜਨਮ ਹੋਇਆ। ਗੁਰੂ ਘਰ ਪ੍ਰਤੀ ਸੱਚੀ ਲਗਨ ਅਤੇ ਨਿਸ਼ਟਾ ਨੂੰ ਵੇਖਦਿਆਂ ਹੋਇਆ ਆਪ ਨੇ ਅਰਜਨ ਦੇਵ ਜੀ ਨੂੰ ਇੱਕ ਸਤੰਬਰ 1581 ਨੂੰ ਗੁਰਿਆਈ ਬਖ਼ਸ਼ ਦਿੱਤੀ ਅਤੇ ਇਸੇ ਦਿਨ ਹੀ ਆਪ ਜੋਤਿ-ਜੋਤ ਸਮਾਂ ਗਏ।

ਗੁਰੂ ਜੀ ਦੀ ਰਚਿਤ ਬਾਣੀ ਵਿੱਚ ਸ਼ਬਦ, ਸਲੋਕ, ਘੋੜੀਆਂ, ਲਾਵਾਂ, ਕਰਹਲੇ ਅਤੇ ਵਾਰਾਂ ਸ਼ਾਮਿਲ ਹਨ। ਗੁਰੂ ਜੀ ਦੀ ਬਾਣੀ ਵਾਹਿਗੁਰੂ ਦਾ ਨਾਮ ਸਿਮਰਨ ਕਰਨ, ਚੰਗੇ ਕਰਮ ਕਰਨ, ਹਉਮੈ-ਹੰਕਾਰ ਨੂੰ ਤਿਆਗਣ ਦਾ ਸੰਦੇਸ਼ ਦਿੰਦੀ ਹੈ। ਆਪ ਜੀ ਦਾ ਜਨਮ ਦਿਹਾੜਾ ਸਭ ਸੰਗਤਾਂ ਵੱਲੋਂ ਮਿਤੀ 29 ਅਕਤੂਬਰ ਨੂੰ ਮਨਾਇਆ ਜਾ ਰਿਹਾ ਹੈ।

**—ਕੰਵਲਜੀਤ ਕੌਰ ਢਿੱਲੋਂ**


WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਬਰੈਂਪਟਨ 'ਚ ਕਾਰ ਚੋਰੀ ਤੇ ਪੁਲੀਸ 'ਤੇ ਹਮਲਾ ਕਰਨ ਵਾਲਾ ਪੰਜਾਬੀ ਨੌਜਵਾਨ ਗ੍ਰਿਫਤਾਰ

ਟੋਰਾਂਟੋ-ਬਰੈਂਪਟਨ ਵਿੱਚ 24 ਸਾਲਾ ਭਾਰਤੀ ਮੂਲ ਦੇ ਵਿਅਕਤੀ ਨੂੰ ਵਾਹਨ ਚੋਰੀ ਕਰਨ ਦੀ ਕੋਸ਼ਿਸ਼ ਕਰਨ ਅਤੇ ਪੁਲੀਸ 'ਤੇ ਮਿਰਚ-ਸਪ੍ਰੇਅ ਕਰਨ ਵਾਲੇ 'ਤੇ 16 ਦੋਸ਼ ਲਗਾਏ ਗਏ ਹਨ। ਮੁਲਜ਼ਮ ਦੀ ਪਛਾਣ ਬਰੈਂਪਟਨ ਦੇ ਰਾਜਬੀਰ ਸਿੰਘ ਵਜੋਂ ਹੋਈ ਹੈ। ਪੁਲੀਸ ਨੇ ਕਿਹਾ ਕਿ 6 ਅਕਤੂਬਰ ਦੀ ਸ਼ਾਮ ਨੂੰ ਅਧਿਕਾਰੀ ਸ਼ੱਕੀ ਨੰਬਰ ਵਾਲੀ ਗੱਡੀ ਹੋਟਲ ਦੀ ਪਾਰਕਿੰਗ ਵਿੱਚ ਦੇਖ ਤੇ ਪੁੱਛ ਪੜਤਾਲ ਦੌਰਾਨ ਕਾਰ ਡਰਾਈਵਰ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਕਈ ਵਾਹਨਾਂ ਨੂੰ ਨੁਕਸਾਨ ਪਹੁੰਚਿਆ। ਨੌਜਵਾਨ ਨੇ ਫੜੇ ਜਾਣ ਤੋਂ ਪਹਿਲਾਂ ਪੁਲੀਸ ਮੁਲਜ਼ਮਾਂ 'ਤੇ ਮਿਰਚ ਸਪ੍ਰੇਅ ਕੀਤਾ। ਅਧਿਕਾਰੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਅਤੇ ਮੌਕੇ 'ਤੇ ਪੈਰਾਮੈਡਿਕਸ ਦੁਆਰਾ ਇਲਾਜ ਕੀਤਾ ਗਿਆ। ਇਸ ਦੌਰਾਨ ਪੁਲੀਸ ਬਰੈਂਪਟਨ ਦੇ ਰਹਿਣ ਵਾਲੇ ਇੱਕ ਹੋਰ ਪੰਜਾਬੀ 26 ਸਾਲਾ ਗੁਰਪ੍ਰੀਤ ਸਿੰਘ ਦੀ ਵੀ ਭਾਲ ਕਰ ਰਹੀ ਹੈ, ਜਿਸ ਨੇ ਪੁਲੀਸ ਤੋਂ ਬਚਣ ਲਈ ਭੀੜ-ਭੜੱਕੇ ਵਾਲੀ ਪਾਰਕਿੰਗ ਵਿੱਚ ਗੱਡੀ ਚਲਾ ਦਿੱਤੀ ਸੀ। ਇਸ ਮਹੀਨੇ ਦੇ ਸ਼ੁਰੂ ਵਿੱਚ ਨਵਜੋਤ ਸਿੰਘ (21) ਨੇ ਓਨਟਾਰੀਓ ਦੇ ਨਿਊਮਾਰਕੇਟ ਕਸਬੇ ਵਿੱਚ ਜ਼ਮਾਨਤ 'ਤੇ ਰਿਹਾਅ ਹੋਣ ਤੋਂ ਕੁਝ ਘੰਟਿਆਂ ਬਾਅਦ ਲੈਂਡਸਕੇਪਿੰਗ ਟਰੱਕ ਚੋਰੀ ਕਰਨ ਤੋਂ ਪਹਿਲਾਂ ਇੱਕ ਵਾਹਨ ਨੂੰ ਖੋਹਣ ਦੀ ਕੋਸ਼ਿਸ਼ ਕੀਤੀ।

# ਪੰਜਾਬ ਪੁਲੀਸ ਦੇ 'ਕੈਟ' ਗੁਰਮੀਤ ਪਿੰਕੀ ਦੀ ਅਚਾਨਕ ਮੌਤ

ਚੰਡੀਗੜ੍ਹ-ਪੰਜਾਬ ਪੁਲੀਸ ਦੇ 'ਕੈਟ' ਗੁਰਮੀਤ ਸਿੰਘ ਪਿੰਕੀ ਦੀ ਅੱਜ ਚੰਡੀਗੜ੍ਹ ਦੇ ਨਿੱਜੀ ਹਸਪਤਾਲ ਵਿੱਚ ਮੌਤ ਹੋ ਗਈ। ਪਿੰਕੀ ਨੂੰ ਪਿਛਲੇ ਹਫ਼ਤੇ ਡੇਂਗੂ ਹੋਇਆ ਸੀ, ਜਿਸ ਤੋਂ ਬਾਅਦ ਪਲੇਟਲੈਟਸ ਘਟਣ ਕਰਕੇ ਉਸ ਨੂੰ ਚੰਡੀਗੜ੍ਹ ਦੇ ਸੈਕਟਰ-34 ਸਥਿਤ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਸਵੇਰੇ ਸਿਹਤ ਜ਼ਿਆਦਾ ਵਿਗੜਨ ਕਰਕੇ ਉਸ ਦੀ ਮੌਤ ਹੋ ਗਈ। ਪਿੰਕੀ ਦੀ ਧੀ ਵਿਦੇਸ਼ ਵਿੱਚ ਰਹਿੰਦੀ ਹੈ, ਜਿਸ ਦੇ ਆਉਣ ਤੋਂ ਬਾਅਦ ਹੀ ਉਸ ਦਾ ਸਸਕਾਰ ਕੀਤਾ ਜਾਵੇਗਾ। ਪਿੰਕੀ 'ਕੈਟ' ਵਜੋਂ ਜਾਣੇ ਜਾਂਦੇ ਗੁਰਮੀਤ ਸਿੰਘ ਪਿੰਕੀ ਨੇ ਸਾਲ 2001 ਵਿੱਚ ਲੁਧਿਆਣਾ ਦੇ ਅਵਤਾਰ ਸਿੰਘ ਗੋਲਾ ਨੂੰ ਗੋਲੀ ਮਾਰ ਦਿੱਤੀ ਸੀ, ਜਿਸ ਕਰਕੇ ਪਿੰਕੀ ਨੂੰ ਕਤਲ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਹੋਈ ਸੀ। ਪਿੰਕੀ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ 'ਚ ਸ਼ਾਮਲ ਮੁਲਜ਼ਮਾਂ ਨੂੰ ਫੜਨ 'ਚ ਅਹਿਮ ਭੂਮਿਕਾ ਨਿਭਾਈ ਸੀ। ਉਹ ਜਗਤਾਰ ਸਿੰਘ ਹਵਾਰਾ ਨੂੰ ਦੋ ਵਾਰ ਗ੍ਰਿਫ਼ਤਾਰ ਕਰਨ ਤੋਂ ਬਾਅਦ ਵੀ ਚਰਚਾ ਵਿੱਚ ਰਿਹਾ। ਉਸ ਨੇ ਪੁਲੀਸ ਦਾ ਬਹਾਦਰੀ ਪੁਰਸਕਾਰ ਵੀ ਜਿੱਤਿਆ ਸੀ ਪਰ ਸਾਲ 2001 'ਚ ਗੋਲਾ ਦੇ ਕਤਲ ਤੋਂ ਬਾਅਦ ਉਹ ਵਿਵਾਦਾਂ 'ਚ ਘਿਰ ਗਿਆ ਸੀ। ਜਾਣਕਾਰੀ ਅਨੁਸਾਰ ਪਿੰਕੀ ਦਾ ਦਾਅਵਾ ਸੀ ਕਿ ਉਸ ਕੋਲ ਪੰਜਾਬ 'ਚ ਅਤਿਵਾਦ ਦੌਰਾਨ 52 ਝੂਠੇ ਮੁਕਾਬਲਿਆਂ ਦੇ ਸਬੂਤ ਹਨ।

# ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਨੂੰ ਵਿਦੇਸ਼ ਜਾਣ ਤੋਂ ਰੋਕਿਆ

ਅੰਮ੍ਰਿਤਸਰ-ਇੱਥੇ ਹਵਾਈ ਅੱਡੇ 'ਤੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੂੰ ਵਿਦੇਸ਼ ਜਾਣ ਤੋਂ ਰੋਕ ਦਿੱਤਾ ਗਿਆ। ਮਿਲੇ ਵੇਰਵਿਆਂ ਅਨੁਸਾਰ ਉਹ ਅੱਜ ਕਤਰ ਏਅਰਵੇਜ਼ ਦੀ ਹਵਾਈ ਉਡਾਣ ਰਾਹੀ ਕਤਰ ਜਾਣ ਲਈ ਸਥਾਨਕ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜੇ ਸਨ। ਇਹ ਉਡਾਣ ਬਾਅਦ ਦੁਪਹਿਰ ਲਗਪਗ ਪੌਣੇ ਚਾਰ ਵਜੇ ਸਥਾਨਕ ਹਵਾਈ ਅੱਡੇ ਤੋਂ ਰਵਾਨਾ ਹੋਣੀ ਸੀ। ਇਸ ਉਡਾਣ ਰਾਹੀਂ ਤਰਸੇਮ ਸਿੰਘ ਨੇ ਪਹਿਲਾਂ ਖਾੜੀ ਮੁਲਕ ਅਤੇ ਬਾਅਦ ਵਿਚ ਕੈਨੇਡਾ ਜਾਣਾ ਸੀ। ਇਸ ਦੌਰਾਨ ਹਵਾਈ ਅੱਡੇ 'ਤੇ ਸਥਿਤ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਵਿਦੇਸ਼ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਇਸ ਤੋਂ ਬਾਅਦ ਉਹ ਵਾਪਸ ਪਰਤ ਗਏ। ਇਸ ਦੀ ਪੁਸ਼ਟੀ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਐਡਵੋਕੇਟ ਬੀਐੱਸ ਸਿਆਲਕਾ ਨੇ ਕੀਤੀ ਹੈ ਜੋ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਕੇਸ ਦੀ ਸ਼੍ਰੋਮਣੀ ਕਮੇਟੀ ਵੱਲੋਂ ਪੈਰਵੀ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਤਰਸੇਮ ਸਿੰਘ ਨੂੰ ਅੱਜ ਹਵਾਈ ਅੱਡੇ 'ਤੇ ਵਿਦੇਸ਼ ਜਾਣ ਤੋਂ ਰੋਕ ਦਿੱਤਾ ਗਿਆ। ਇਸ ਤੋਂ ਪਹਿਲਾਂ ਅੰਮ੍ਰਿਤਪਾਲ ਸਿੰਘ ਦੀ ਪਤਨੀ ਨੂੰ ਵੀ ਯੂਕੇ ਜਾਣ ਤੋਂ ਰੋਕ ਦਿੱਤਾ ਗਿਆ ਸੀ ਅਤੇ ਉਸ ਨੂੰ ਵੀ ਹਵਾਈ ਅੱਡੇ ਤੋਂ ਵਾਪਸ ਭੇਜ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ ਇਸ ਵੇਲੇ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀ ਅਸਾਮ ਦੀ ਡਬਿਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਉਨ੍ਹਾਂ ਖ਼ਿਲਾਫ਼ ਕੌਮੀ ਸੁਰੱਖਿਆ ਐਕਟ ਹੇਠ ਕੇਸ ਦਰਜ ਕੀਤਾ ਗਿਆ ਹੈ।

# ਸਰੀ 'ਚ ਦੋ ਰੋਜ਼ਾ ਕੌਮਾਂਤਰੀ ਪੰਜਾਬੀ ਕਾਨਫਰੰਸ ਸੰਪੰਨ

ਸਰੀ-ਇੱਥੇ ਪੰਜਾਬ ਭਵਨ ਦੀ ਸਾਲਾਨਾ ਵਰ੍ਹੇਗੰਢ ਮੌਕੇ ਕਰਵਾਈ ਗਈ ਦੋ-ਰੋਜ਼ਾ ਕੌਮਾਂਤਰੀ ਪੰਜਾਬੀ ਕਾਨਫਰੰਸ ਸੰਪੰਨ ਹੋਈ। ਇਸ ਵਿੱਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਸਿਰਮੌਰ ਰੁਤਬੇ ਨੂੰ ਬਰਕਰਾਰ ਰੱਖਣ, ਪੰਜਾਬੀ ਸਾਹਿਤ ਤੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਅਤੇ ਇਸ ਪਾਸੇ ਸਾਰਥਿਕ ਯੋਜਨਾਵਾਂ ਉਲੀਕਣ, ਨਵੀਂ ਪੀੜ੍ਹੀ ਨੂੰ ਆਪਣੇ ਅਮੀਰ ਤੇ ਗੌਰਵਮਈ ਵਿਰਸੇ ਨਾਲ ਜੁੜੇ ਰਹਿਣ ਸਮੇਤ ਪੂਰਬੀ ਤੇ ਪੱਛਮੀ ਪੰਜਾਬ ਦੀ ਆਪਸੀ ਸਾਂਝ ਦਾ ਹੋਕਾ ਦਿੱਤਾ ਗਿਆ। ਇਸ ਦੌਰਾਨ ਵਿਸ਼ਵ ਦੇ ਵੱਖ ਵੱਖ ਮੁਲਕਾਂ ਤੋਂ ਪੰਜਾਬੀ ਵਿਦਵਾਨ ਤੇ ਸਾਹਿਤਕਾਰ ਵੱਡੀ ਗਿਣਤੀ ਵਿੱਚ ਪਹੁੰਚੇ। ਜਿਸ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਉੱਪ ਕੁਲਪਤੀ ਡਾ. ਐੱਸ.ਪੀ. ਸਿੰਘ, ਪਾਕਿਸਤਾਨ ਦੇ ਸਾਬਕਾ ਸੰਸਦ ਮੈਂਬਰ ਰਾਏ ਅਜੀਜ ਉੱਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਉੱਪ ਕੁਲਪਤੀ ਡਾ. ਬੀ.ਐੱਸ. ਘੁੰਮਣ, ਡਾ. ਗੁਰਪਿੰਦਰ ਸਿੰਘ ਸਮਰਾ, ਡਾ. ਸਾਧੂ ਸਿੰਘ, ਡਾ. ਗੋਪਾਲ ਸਿੰਘ, ਡਾ. ਬਬਨੀਤ ਕੌਰ, ਵਨੀਪੈੱਗ ਤੋਂ ਪੰਜਾਬੀ ਅਖ਼ਬਾਰ 'ਨਵ-ਸਵੇਰ' ਦੇ ਸੰਪਾਦਕ ਨਵਨੀਤ ਕੌਰ ਅਤੇ ਪੰਜਾਬੀ ਗਾਇਕ ਸਰਬਜੀਤ ਚੀਮਾ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਦੌਰਾਨ ਪੰਜਾਬ ਤੋਂ ਪੁੱਜੇ ਪ੍ਰਸਿੱਧ ਚਿੰਤਕ ਪਾਲੀ ਭੁਪਿੰਦਰ ਨੇ ਵੱਖ-ਵੱਖ ਵਿਸ਼ਿਆਂ 'ਤੇ ਪਰਚੇ ਪੜ੍ਹਦਿਆਂ ਪੰਜਾਬੀਆਂ ਨੂੰ ਆਪਣੀ ਨਵੀਂ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦਾ ਸੱਦਾ ਦਿੱਤਾ। ਪਾਕਿਸਤਾਨੀ ਸ਼ਾਇਰ ਬਾਬਾ ਨਜਮੀ ਨੇ ਮਾਂ-ਬੋਲੀ ਪੰਜਾਬੀ ਨੂੰ ਨਵੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਅਜਿਹੇ ਸਮਾਗਮ ਨੂੰ ਸਮੇਂ ਦੀ ਲੋੜ ਦੱਸਿਆ। ਉਨ੍ਹਾਂ ਕਿਰਤੀਆਂ ਤੇ ਕਾਮਿਆਂ ਦੇ ਹੱਕਾਂ ਲਈ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਕਵਿਤਾਵਾਂ ਦੇ ਦੌਰ ਵਿੱਚ ਪਾਕਿਸਤਾਨ ਤੋਂ ਡਾ. ਤਾਹਿਰਾ, ਗੁਰਤੇਜ ਕੋਹਾਰਵਾਲਾ, ਡਾ. ਕਰਨੈਲ ਸਿੰਘ, ਸੁਖਵਿੰਦਰ ਅੰਮ੍ਰਿਤ, ਡਾ. ਗੁਰਮਿੰਦਰ ਸਿੱਧੂ, ਸੁਰਜੀਤ ਕੌਰ ਟੋਰਾਂਟੋ, ਰਵਿੰਦਰ ਵਹਾਅ, ਇੰਦਰਜੀਤ ਧਾਮੀ ਸਮੇਤ ਹੋਰ ਨਾਮੀ ਸ਼ਖ਼ਸੀਅਤਾਂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਇਸ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕੈਨੇਡਾ ਵਿਖੇ ਪੜ੍ਹਾਈ ਲਈ ਪੁੱਜੇ ਵਿਦਿਆਰਥੀਆਂ ਦੇ ਹੱਕਾਂ ਤੇ ਹਿੱਤਾਂ ਲਈ ਸਰਕਾਰ ਪਾਸੋਂ ਕਦਮਾਂ ਦੇ ਨਾਲ ਨਾਲ ਪੰਜਾਬੀ ਭਾਈਚਾਰੇ ਪਾਸੋਂ ਵੀ ਸਹਿਯੋਗ ਮੰਗਿਆ। ਬੁਲਾਰਿਆਂ ਨੇ ਪੰਜਾਬੀ ਬੋਲੀ, ਚੇਤਨਤਾ ਅਤੇ ਪਰਵਾਸ ਬਾਰੇ ਬੌਧਿਕਤਾ ਭਰਪੂਰ ਪਰਚੇ ਪੜ੍ਹੇ। ਨਾਟਕਕਾਰ ਡਾ. ਸਾਹਿਬ ਸਿੰਘ ਨੇ ਦੋਵੇਂ ਦਿਨ ਆਪਣਾਂ ਨਾਟਕਾਂ ਦੀ ਸਫਲ ਪੇਸ਼ਕਾਰੀ ਕਰਦਿਆਂ ਸਰੋਤਿਆਂ ਨੂੰ ਭਾਵੁਕ ਕੀਤਾ। ਪੰਜਾਬ ਭਵਨ ਦੀ ਸਮੁੱਚੀ ਟੀਮ ਵੱਲੋਂ ਡਾ. ਸਾਹਿਬ ਸਿੰਘ ਨੂੰ 'ਅਰਜਨ ਸਿੰਘ ਬਾਠ' ਯਾਦਗਾਰੀ ਐਵਾਰਡ ਵੀ ਪ੍ਰਦਾਨ ਕੀਤਾ ਗਿਆ। ਕਾਨਫਰੰਸ ਦੇ ਦੋਵੇਂ ਹੀ ਦਿਨ ਪੰਜਾਬੀ ਗਾਇਕ ਸਰਬਜੀਤ ਚੀਮਾ ਵੱਲੋਂ ਚਲਾਈ ਜਾ ਰਹੀ ਸੰਸਥਾ 'ਰੰਗਲਾ ਪੰਜਾਬ ਆਰਟਸ' ਦੇ ਨੌਜਵਾਨਾਂ ਵੱਲੋਂ ਭੰਗੜੇ ਦੀ ਸ਼ਾਨਦਾਰ ਪੇਸ਼ਕਾਰੀ ਕਰਦਿਆਂ ਚੰਗਾ ਰੰਗ ਬੰਨ੍ਹਿਆ ਗਿਆ। ਮੰਚ ਸੰਚਾਲਕ ਦੀ ਭੂਮਿਕਾ ਕਵਿੰਦਰ ਚਾਂਦ ਅਤੇ ਅਮਰੀਕ ਪਲਾਹੀ ਵੱਲੋਂ ਬਾਖ਼ੂਬੀ ਨਿਭਾਈ ਗਈ।





# ਕਰੂਏ ਤੋਂ ਕਰਵਾ ਚੌਥ ਤਕ

ਅੱਜਕੱਲ੍ਹ ਪਿਛਲੇ ਸਮੇਂ ਨਾਲੋਂ ਸਾਰੇ ਤਿਓਹਾਰਾਂ ਨੂੰ ਮਨਾਉਣ ਦਾ ਰੰਗ-ਢੰਗ ਤਕਰੀਬਨ ਬਦਲ ਗਿਆ ਹੈ। ਪਿਛਲੇ ਸਮੇਂ ਕਰਵਾਚੌਥ ਦੇ ਤਿਓਹਾਰ ਦੀ ਸੱਜ ਵਿਆਹੀਆਂ ਕੁੜੀਆਂ ਲਈ ਵਿਸ਼ੇਸ਼ ਮਹੱਤਤਾ ਹੁੰਦੀ ਸੀ, ਪਰ ਅਜੋਕੇ ਸਮੇਂ ਪਿੰਡਾਂ ਵਿਚ ਤਾਂ ਉਹੋ ਵਰਤਾਰਾ ਹੈ, ਪਰ ਸ਼ਹਿਰਾਂ ਵਿਚ ਕਰਵਾ ਚੌਥ ਨੂੰ ਔਰਤਾਂ ਵਿਆਹ ਵਾਂਗੂ ਤਿਆਰੀ ਕਰਦੀਆਂ ਹਨ। ਸ਼ਹਿਰੀ ਆ ਵਸੇ ਪੇਂਡੂ ਪਰਿਵਾਰਾਂ ਦੀਆਂ ਔਰਤਾਂ ਵੀ ਸ਼ਹਿਰਨਾਂ ਦੀ ਨਕਲ ਕਰਨ ਲੱਗੀਆਂ ਹਨ। ਪਿੰਡਾਂ ਦੀਆਂ ਧੀਆਂ-ਭੈਣਾਂ ਅਜਿਹੇ ਤਿਓਹਾਰਾਂ ਉੱਤੇ ਦਸ-ਵੀਹ ਦਿਨ ਪੇਕੇ ਰਹਿ ਜਾਂਦੀਆਂ ਸਨ, ਪਰ ਹੁਣ ਤਾਂ ਰਲ ਬੈਠਣ ਲਈ ਦਸ-ਵੀਹ ਘੰਟੇ ਵੀ ਮੁਸ਼ਕਿਲ ਨਾਲ ਨਿਕਲਦੇ ਹਨ। ਉਦੋਂ ਕੁੜੀਆਂ ਦੇ ਬਹੁਤਾ ਪੜ੍ਹਨ ਜਾਂ ਨੌਕਰੀ ਕਰਨ ਦਾ ਜ਼ਮਾਨਾ ਨਹੀਂ ਸੀ ਅਤੇ ਕੁੜੀਆਂ ਤਿੱਥ-ਤਿਓਹਾਰਾਂ ਜਾਂ ਖੁਸ਼ੀ-ਗ਼ਮੀ ਸਮੇਂ ਹੀ ਪੇਕੇ ਆਉਂਦੀਆਂ ਸਨ ਕਿਉਂਕਿ ਸਹੁਰੇ ਘਰ ਦੇ ਕੰਮਾਂ ਦੀਆਂ ਜ਼ਿੰਮੇਵਾਰੀਆਂ ਉਨ੍ਹਾਂ ਨੂੰ ਇਜਾਜ਼ਤ ਹੀ ਨਹੀਂ ਦਿੰਦੀਆਂ ਸਨ। ਹੁਣ ਤਾਂ ਕੁੜੀਆਂ ਸ਼ਾਮੀਂ ਪੇਕੇ, ਸਵੇਰੇ ਸਹੁਰੇ ਜਾਂ ਸਵੇਰੇ-ਦੁਪਿਹਰੇ ਦੋ-ਚਾਰ ਘੰਟੇ ਪੇਕੇ ਲਾ ਕੇ ਸ਼ਾਮੀਂ ਸਹੁਰੇ ਪਰਤ ਜਾਂਦੀਆਂ। ਰਹਿੰਦੀ ਕਸਰ ਕਾਰਾਂ-ਸਕੂਟਰਾਂ ਨੇ ਕੱਢ ਦਿੱਤੀ ਹੈ। ਜਿਨ੍ਹਾਂ ਦਿਨਾਂ ਦੀ ਮੈਂ ਗੱਲ ਕਰ ਰਹੀ ਹਾਂ ਉਦੋਂ ਇਸ ਤਿਓਹਾਰ ਨੂੰ ਕਰਵਾ ਚੌਥ ਕੋਈ ਸ਼ਹਿਰੀ ਹੀ ਕਹਿੰਦਾ ਸੀ। ਇਸ ਨੂੰ 'ਕਰੂਏ ਦਾ ਵਰਤ' ਜਾਂ 'ਸਰਘੀ' ਕਿਹਾ ਜਾਂਦਾ ਸੀ। ਸਰਘੀ ਤੋਂ ਭਾਵ ਹੈ ਸਵੇਰ ਕਿਉਂਕਿ ਇਹ ਵਰਤ ਸਰਘੀ ਵੇਲੇ ਤੋਂ ਲੈ ਕੇ ਰਾਤੀਂ ਚੰਦ ਦੇ ਚੜ੍ਹਨ ਤਕ ਦਾ ਹੁੰਦਾ। ਤੀਆਂ ਦੇ ਤਿਓਹਾਰ ਵਾਂਗ ਇਹ ਤਿਓਹਾਰ ਵੀ ਸੱਜ ਵਿਆਹੀਆਂ ਲਈ ਬੜਾ ਮਹੱਤਵ ਰੱਖਦਾ। ਤੀਆਂ ਦੇ ਸੰਧਾਰੇ ਵਾਂਗ ਕਰੂਏ ਦਾ ਪਹਿਲਾ ਸੰਧਾਰਾ ਵੀ ਪੇਕੇ ਗਈ ਨੂੰਹ ਨੂੰ ਸਹੁਰਿਆਂ ਵੱਲੋਂ ਘੱਲਿਆ ਜਾਂਦਾ। ਉਸ ਸਮੇਂ ਮਜਬੂਰੀ ਵਸ ਹੀ ਕੋਈ ਨਵੀਂ ਵਿਆਹੀ ਸਹੁਰੇ ਘਰ ਇਹ ਵਰਤ ਰੱਖਦੀ ਸੀ। ਸਰਘੀ ਵਾਲੇ ਦਿਨ ਸਰਘੀ ਵਾਲੀ ਕੁੜੀ ਨੂੰ ਹੀ ਨਹੀਂ ਬਲਕਿ ਸਾਰੇ ਪਰਿਵਾਰ ਗਲੀ-ਮੁਹੱਲੇ ਤੇ ਸ਼ਰੀਕੇ-ਕਬੀਲੇ ਨੂੰ ਵੀ ਚਾਅ ਹੁੰਦਾ। ਜਿਨ੍ਹਾਂ ਸਰਘੀ ਦੇਣੀ ਹੁੰਦੀ ਉਨ੍ਹਾਂ ਦੇ ਘਰ ਵੀ ਬੜੀ ਰੌਣਕ ਹੁੰਦੀ। ਪਿਛਲੇ ਸਮੇਂ ਵਿਚ ਕਰੂਏ ਜਾਂ ਸਰਘੀ ਦੇ ਸੰਧਾਰੇ ਵਿਚ ਅੱਜ ਵਾਂਗ ਤਰ੍ਹਾਂ-ਤਰ੍ਹਾਂ ਦੀਆਂ ਮਠਿਆਈਆਂ ਨਹੀਂ ਸਨ ਦਿੱਤੀਆਂ ਜਾਂਦੀਆਂ। ਸਗੋਂ ਕੜਾਹ ਤੇ ਪੂੜੀਆਂ ਦਿੱਤੀਆਂ ਜਾਂਦੀਆਂ ਸਨ। ਸ਼ਰੀਕੇ-ਭਾਈਚਾਰੇ ਦੀਆਂ ਦੋ-ਚਾਰ ਔਰਤਾਂ ਰਲ ਕੇ ਹਲਵਾਈ ਦਾ ਕੰਮ ਸਾਰ ਲੈਂਦੀਆਂ ਸਨ। ਇੱਟਾਂ ਦਾ ਵੱਡਾ ਸਾਰਾ ਆਰਜ਼ੀ ਚੁੱਲ੍ਹਾ ਬਣਾ ਕੇ ਲੋਹੇ ਦੀ ਵੱਡੀ ਕੜਾਹੀ ਵਿਚ ਪਹਿਲਾਂ ਪੂੜੀਆਂ ਤਲੀਆਂ ਜਾਂਦੀਆਂ ਫਿਰ ਉਸੇ ਵਿਚ ਸੂਜੀ ਦਾ ਕੜਾਹ ਬਣਾਇਆ ਜਾਂਦਾ। ਸਰਦੇ-ਪੁੱਜਦੇ ਘਰ ਕੜਾਹ ਵਿਚ ਸੌਗੀ-ਬਦਾਮ ਤੇ ਨਾਰੀਅਲ ਵੀ ਪਾਉਂਦੇ। ਫਿਰ ਕਿਸੇ ਵੱਡੀ ਪਿੱਤਲ ਦੀ ਬਾਲਟੀ ਜਾਂ ਗਾਗਰ (ਵਲਟੋਹੀ) ਵਿਚ ਪਹਿਲਾਂ ਕੜਾਹ ਪਾ ਲੈਣਾ ਉੱਤੋਂ ਤੁੰਨ-ਤੁੰਨ ਪੂੜੀਆਂ ਪਾਉਣੀਆਂ। ਵਿਤ ਮੁਤਾਬਿਕ ਕਈ ਵਾਰ ਦੋ-ਦੋ ਭਾਂਡੇ ਵੀ ਭਰ ਕੇ ਭੇਜੇ ਜਾਂਦੇ। ਪਿੱਤਲ ਤੋਂ ਬਾਅਦ ਸਟੀਲ ਦਾ ਯੁੱਗ ਆਇਆ। ਇਹ ਸਾਮਾਨ ਜਾਂ ਸੰਧਾਰਾ ਬੱਸ, ਸਾਈਕਲ ਜਾਂ ਕੋਈ ਟਰੈਕਟਰ ਉੱਤੇ ਵੀ ਲੈ ਜਾਂਦਾ। ਉਸਦੇ ਨਾਲ ਕੋਈ ਲਾਗੀ-ਤੱਥੀ, ਭੈਣ-ਭਰਾ ਜਾਂ ਕੋਈ ਚਾਅ ਮੱਤਾ ਮਾਂ-ਬਾਪ ਵੀ ਚਲਿਆ ਜਾਂਦਾ। ਇਹ ਸੰਧਾਰਾ ਪਹਿਲੇ ਦਿਨ ਸ਼ਾਮੀਂ ਪੁੱਜਦਾ। ਆਏ ਮਹਿਮਾਨਾਂ ਦਾ ਬਹੁਤ ਚਾਅ ਅਤੇ ਮਾਣ ਕੀਤਾ



ਜਾਂਦਾ। ਸਹੁਰੇ ਪਰਿਵਾਰ ਵੱਲੋਂ ਨੂੰਹ ਲਈ ਕੱਪੜਾ ਲੱਤਾ, ਗਹਿਣਾ, ਚੂੜੀਆਂ ਤੇ ਮਹਿੰਦੀ ਜ਼ਰੂਰ ਦਿੱਤੀ ਜਾਂਦੀ। ਨੂੰਹ ਦੇ ਭੈਣ-ਭਰਾਵਾਂ ਨੂੰ ਵੀ ਕੱਪੜਾ-ਲੀੜਾ ਦਿੱਤਾ ਜਾਂਦਾ। ਨੂੰਹ ਲਈ ਇਕ ਗਹਿਣਾ ਹੁੰਦਾ ਕੋਈ ਛਾਪ-ਛੱਲਾ, ਕੋਈ ਡੰਡੀ ਝੁਮਕੀ ਜਾਂ ਵਾਲੀਆਂ-ਕਾਂਟੇ। ਕਰਜ਼ਾ ਚੁੱਕ ਕੇ ਫੋਕੇ ਦਿਖਾਵੇ ਉਦੋਂ ਕੋਈ ਨਹੀਂ ਸੀ ਕਰਦਾ। ਅੱਗੋਂ ਪੇਕੇ ਪਰਿਵਾਰ ਵੱਲੋਂ ਵੀ ਆਏ ਮਹਿਮਾਨਾਂ ਅਤੇ ਸੱਸ ਨੂੰ ਕੱਪੜਾ-ਲੀੜਾ ਦਿੱਤਾ ਜਾਂਦਾ। ਸੱਸ ਲਈ ਇਕ ਪਿੱਤਲ ਦਾ ਭਾਂਡਾ ਜ਼ਰੂਰ ਦਿੱਤਾ ਜਾਂਦਾ ਜਿਸ ਨੂੰ 'ਜਾਪੇ ਦਾ ਭਾਂਡਾ' ਕਿਹਾ ਜਾਂਦਾ। ਸਰਘੀ ਵਾਲੀ ਨੂੰਹ-ਧੀ ਦੀਆਂ ਸਹੁਰੇ ਘਰ ਬੈਠੀਆਂ ਨਣਦਾਂ ਤੇ ਦਰਾਣੀਆਂ-ਜਠਾਣੀਆਂ ਦਾ ਵੀ ਮਾਣ ਕੀਤਾ ਜਾਂਦਾ। ਉਨ੍ਹਾਂ ਲਈ ਤੇ ਦਿਓਰਾਂ-ਜੇਠਾਂ ਲਈ ਵੀ ਵਿਤ ਮੁਤਾਬਿਕ ਕੱਪੜੇ ਭੇਜੇ ਜਾਂਦੇ। ਇਹ ਸਿਰਫ਼ ਪਹਿਲੇ ਵਰਤ ਦੇ ਸੰਧਾਰੇ ਉੱਤੇ ਹੀ ਹੁੰਦੇ। ਅੱਗੋਂ ਕੋਈ ਅਜਿਹੇ ਵਿਹਾਰ ਨਾ ਹੁੰਦੇ। ਸਿਰਫ਼ ਇਕੱਲੀ ਨੂੰਹ-ਧੀ ਨੂੰ ਹੀ ਮੰਨਿਆਂ ਜਾਂਦਾ ਜਾਂ ਸੱਸ ਸਹੁਰੇ ਨੂੰ। ਦੋਵਾਂ ਪਾਸਿਆਂ ਤੋਂ ਇਹ ਖਰਚਾ ਪਹਿਲੇ ਵਰਤ ਉੱਤੇ ਹੁੰਦਾ। ਇਹ ਕਿਸੇ ਦਬਾਅ ਦਿਖਾਵੇ ਜਾਂ ਮੰਗ ਕਾਰਨ ਨਹੀਂ ਬਲਕਿ ਰੀਤੀ-ਰਿਵਾਜਾਂ ਪੂਰਦੇ ਚਾਵਾਂ ਤੇ ਖੁਸ਼ੀਆਂ ਨਾਲ ਕੀਤਾ ਜਾਂਦਾ। ਮੌਜੂਦਾ ਦੌਰ ਵਿਚ ਇਸ ਤਿਓਹਾਰ ਦਾ ਵਪਾਰੀਕਰਨ ਹੋ ਚੁੱਕਾ ਹੈ। ਕਿੱਥੇ ਉਨ੍ਹਾਂ ਸਮਿਆਂ ਦੀਆਂ ਗੂੜ੍ਹੀਆਂ ਸਾਂਝਾਂ ਤੇ ਮੋਹ ਮੁਹੱਬਤਾਂ ਭਰੀ ਸਾਦਗੀ, ਕਿੱਥੇ ਅੱਜ ਦੇ ਜ਼ਮਾਨੇ ਦੀ ਤੜਕ-ਭੜਕ ਤੇ ਦਿਖਾਵੇ। ਉਦੋਂ ਵੀ ਭਾਵੇਂ ਕੁੜੀਆਂ ਵਰੀ ਜਾਂ ਦਾਜ ਵਿਚ ਮਿਲਿਆ ਕੋਈ ਸੋਹਣਾ ਸੂਟ ਪਾ ਕੇ ਮਾੜਾ-ਮੋਟਾ ਗਹਿਣਾ-ਗੱਟਾ ਪਾ ਲੈਂਦੀਆਂ ਸਨ ਤੇ ਵਰਤ ਰੱਖ ਲੈਂਦੀਆਂ ਸਨ। ਨਵੇਂ ਸੂਟ-ਸਾੜ੍ਹੀਆਂ ਪਹਿਨ ਕੇ ਬੇਲੋੜੇ ਦਿਖਾਵੇ ਕੋਈ ਨਹੀਂ ਸੀ ਕਰਦੀ। ਹੁਣ ਤਾਂ ਕਰਵਾ ਚੌਥ ਤੋਂ ਹਫ਼ਤਾਂ-ਦਸ ਦਿਨ ਪਹਿਲਾਂ ਹੀ ਬਾਜ਼ਾਰਾਂ ਵਿਚ ਧੱਕਾ ਪੈਂਦਾ ਹੈ। ਵਧੀਆ ਸੂਟ-ਸਾੜ੍ਹੀਆਂ ਤੇ ਵਾਹ ਲੱਗਦੀ ਕੋਈ ਗਹਿਣਾ ਵੀ ਖਰੀਦਿਆ ਜਾਂਦਾ ਹੈ। ਉਦੋਂ ਸੱਜ ਵਿਆਹੀਆਂ ਹੀ ਕੋਈ ਉਚੇਚ ਕਰਦੀਆਂ ਸਨ। ਹੁਣ ਤਾਂ ਕੀ ਸੱਜ ਵਿਆਹੀ, ਕੀ ਅੱਧਖੜ੍ਹ ਸਾਰੀਆਂ ਹੀ ਲਾਲ-ਸੂਹੇ, ਸਲਮੇ-ਸਿਤਾਰੇ ਤੇ ਗੋਟੇ-ਪੱਟੀਆਂ ਵਾਲੇ ਭਾਰੇ-ਭਾਰੇ ਸੂਟ ਪਹਿਨ ਕੇ ਮਹਿੰਦੀ ਲਵਾ ਕੇ ਦੁਲਹਨਾਂ ਹੀ ਬਣ ਜਾਂਦੀਆਂ ਹਨ ਕਿਉਂਕਿ ਕਿਸੇ ਇਕ ਸੁਆਣੀ ਦੇ ਘਰ ਕਥਾ ਸੁਣਨੀ ਹੁੰਦੀ ਹੈ, ਮੂਵੀ ਬਣਨੀ ਹੁੰਦੀ ਹੈ। ਇਸ ਲਈ ਇਕ-ਦੂਜੀ ਨੂੰ ਮਾਤ ਪਾਉਣ ਲਈ ਵੱਧ ਤੋਂ ਵੱਧ ਟੌਹਰ ਕੱਢਣੀ ਜ਼ਰੂਰੀ ਹੁੰਦੀ ਹੈ। ਇਸ ਮੌਕੇ ਟੀ.ਵੀ. 'ਤੇ ਦਿਖਾਏ ਜਾਂਦੇ ਕਰਵਾ ਚੌਥ ਦੇ ਦ੍ਰਿਸ਼ ਕਿਸੇ ਫੈਸ਼ਨ ਸ਼ੋਅ ਤੋਂ ਘੱਟ ਨਹੀਂ ਹੁੰਦੇ। ਖਾਣ-ਪੀਣ ਲਈ ਵੀ ਫਲ਼, ਮਠਿਆਈਆਂ ਤੇ ਵੰਨ-ਸੁਵੰਨੇ ਪਕਵਾਨ ਬਣਾਏ ਜਾਂ ਬਾਜ਼ਾਰੋਂ ਮੰਗਵਾਏ ਜਾਂਦੇ ਹਨ। ਜਦੋਂ ਕਿ ਪਿਛਲੇ ਸਮੇਂ ਤਾਂ ਘਰੇ ਬਣੀਆਂ ਕੜਾਹ-ਪੂੜੀਆਂ ਹੀ ਇਸ ਦਿਨ ਵਿਸ਼ੇਸ਼ ਪਕਵਾਨ ਹੁੰਦੀਆਂ ਸਨ। ਸਭ ਕੁਝ ਬੜਾ ਸੋਹਣਾ, ਮਹਿੰਗਾ ਤੇ ਸਜਾਵਟ ਭਰਪੂਰ ਹੁੰਦਾ ਹੈ, ਬਸ ਕਮੀ ਹੁੰਦੀ ਹੈ ਤਾਂ ਸਿਰਫ਼ ਸਾਦਗੀ, ਅਪਣੱਤ ਅਤੇ ਮੋਹ-ਪਿਆਰ ਦੀ। ਅੱਜ ਪਿੰਡਾਂ ਵਿਚ ਵੀ ਉਹ ਗੱਲਾਂ ਨਹੀਂ ਰਹੀਆਂ। ਕੜਾਹ-ਪੂੜੀਆਂ ਦਾ ਰਿਵਾਜ ਮੁੱਕਦਾ ਜਾ ਰਿਹਾ ਹੈ। ਪਿੰਡਾਂ ਵਾਲੇ ਵੀ ਹੁਣ ਬਾਜ਼ਾਰੂ ਮਠਿਆਈਆਂ ਤੇ ਫੇਣੀਆਂ ਵਗੈਰਾ ਇਸ ਸੰਧਾਰੇ ਵਿਚ ਦੇਣ ਲੱਗ ਪਏ ਹਨ, ਪਰ ਕਿਸੇ-ਕਿਸੇ ਘਰ ਕੜਾਹ-ਪੂੜੀਆਂ ਦਾ ਸੰਧਾਰਾ ਅਜੇ ਵੀ ਦਿੱਤਾ ਜਾਂਦਾ ਹੈ। ਪਿੰਡਾਂ ਵਿਚ ਵੀ ਔਰਤਾਂ ਹੁਣ ਇਸ ਨੂੰ ਤਰੱਦਦ ਜਾਂ ਖੇਚਲ ਸਮਝਦੀਆਂ ਹਨ। ਨਾ ਕੋਈ ਰਲ ਕੇ ਕੜਾਹ-ਪੂੜੀਆਂ ਬਣਾਉਂਦੀ ਹੈ ਤੇ ਨਾ ਕਿਸੇ ਦੇ ਆਉਣ ਜਾਂ ਜਾਣ ਵਾਲੇ ਸਰਘੀ ਸੰਧਾਰੇ ਦਾ ਕਿਸੇ ਨੂੰ ਪਹਿਲਾਂ ਵਰਗਾ ਚਾਅ ਹੁੰਦਾ ਹੈ। ਪਿੰਡਾਂ ਵਿਚ ਨਾ ਕੋਈ ਪੰਡਤ-ਪੰਡਤਾਣੀ ਤੋਂ ਕਥਾ ਸੁਣਦੀ ਸੀ ਨਾ ਅਜਿਹੇ ਹੋਰ ਅਡੰਬਰ ਕੀਤੇ ਜਾਂਦੇ ਸਨ ਜੋ ਹੁਣ ਕੀਤੇ ਜਾਂਦੇ ਹਨ। ਛਾਣਨੀ ਵਿੱਚੋਂ ਚੰਦ ਨੂੰ ਦੇਖਣ ਵਾਰੇ ਤਾਂ ਕਦੇ ਸੁਣਿਆ ਹੀ ਨਹੀਂ ਸੀ। ਟੀ.ਵੀ.ਚੈਨਲਾਂ, ਅਖ਼ਬਾਰਾਂ ਅਤੇ ਇੰਟਰਨੈੱਟ ਨੇ ਸਿੱਧੇ-ਸਾਦੇ ਲੋਕਾਂ ਨੂੰ ਵੀ ਦਿਖਾਵੇ ਦੇ ਚੱਕਰ ਵਿਚ ਉਲਝਾ ਲਿਆ ਹੈ। ਮੁੱਖ ਮੁੱਦਾ ਇਹੋ ਹੁੰਦਾ ਹੈ ਕਿ ਵਰਤ ਤੋੜ ਦੇਣ ਨਾਲ ਪਤੀ ਮੌਤ ਦੇ ਮੂੰਹ ਜਾ ਪੈਂਦਾ ਹੈ ਤੇ ਸਾਲ ਪਿੱਛੋਂ ਫਿਰ ਵਰਤ ਰੱਖਣ ਨਾਲ ਪਤੀ ਠੀਕ ਹੋ ਜਾਂਦਾ ਹੈ। ਇਹ ਔਰਤ ਮਨਾਂ ਦੀ ਆਸਥਾ ਹੈ ਕਿ ਉਹ ਅੱਜ ਵੀ ਵਰਤ ਰੱਖਦੀਆਂ ਹਨ। ਜਦੋਂ ਕਿ ਦੁਨੀਆਂ ਹੁਣ ਚੰਦ ਉੱਤੇ ਜਾ ਪੁੱਜੀ ਹੈ। ਇਹ ਰਸਮਾਂ ਲਕੀਰ ਦੇ ਫਕੀਰ ਬਣੇ ਰਹਿਣ ਦੀ ਪੁਖਤਾ ਮਿਸਾਲ ਹਨ। ਕਰਵਾ ਚੌਥ ਦੇ ਵਰਤ ਦਾ ਸਾਰਾ ਨਿਚੋੜ ਇਹੋ ਹੈ ਕਿ ਪਤਨੀ ਦੇ ਵਰਤ ਰੱਖਣ ਨਾਲ ਪਤੀ ਦੀ ਉਮਰ ਲੰਮੀ ਹੁੰਦੀ ਹੈ। ਸੱਚਾਈ ਕੀ ਹੈ ਇਹ ਤਾਂ ਪਤਾ ਨਹੀਂ, ਪਰ ਇਹ ਗੱਲ ਜ਼ਰੂਰ ਹੈ ਕਿ ਵਰਤ ਰੱਖਣ ਵਾਲੀ ਤੇ ਇਸ ਦਾ ਚੰਗਾ ਪ੍ਰਭਾਵ ਪੈਂਦਾ ਹੈ ਅਤੇ ਤੰਦਰੁਸਤੀ ਨਾਲ ਉਸ ਦੀ ਉਮਰ ਜ਼ਰੂਰ ਲੰਮੀ ਹੋ ਸਕਦੀ ਹੈ। ਇਹ ਕਥਾ ਸਦੀਆਂ ਤੋਂ ਚਲੀ ਆ ਰਹੀ ਹੈ ਤੇ ਅੱਗੋਂ ਵੀ ਪਤਾ ਨਹੀਂ ਕਦੋਂ ਤਕ ਚੱਲਦੀ ਰਹਿਣੀ ਹੈ।

## ਕਰਵਾ ਚੌਥ ਦਾ ਮਹੱਤਵ ਅਤੇ ਰਵਾਇਤੀ ਰੂਪ

ਪਹਿਲੇ ਸਮਿਆਂ ਵਿੱਚ ਬਹੁਤ ਕਿਸਮ ਦੇ ਵਰਤ ਰੱਖੇ ਜਾਂਦੇ ਸਨ। ਕਰਵਾ ਚੌਥ ਦਾ ਵਰਤ ਰੱਖਣ ਦਾ ਬਹੁਤ ਰਿਵਾਜ ਬਹੁਤ ਅਹਿਮ ਹੁੰਦਾ ਸੀ। ਕਰਵਾ ਚੌਥ ਦਾ ਵਰਤ ਝੱਕਰੀਆਂ ਦੇ ਵਰਤ ਤੋਂ ਚਾਰ ਦਿਨ ਪਹਿਲਾਂ ਚੌਥ ਵਾਲੇ ਦਿਨ ਰੱਖਿਆ ਜਾਂਦਾ ਸੀ। ਇਹ ਵਰਤ ਸੁਹਾਗਣਾਂ ਆਪਣੇ ਪਤੀ ਦੇਵ ਦੀ ਚੰਗੀ ਸਿਹਤ ਲਈ ਅਤੇ ਚਿਰ ਜਿਊਣ ਦੀ ਕਾਮਨਾ ਕਰਨ ਲਈ ਰੱਖਦੀਆਂ ਸਨ। ਸੁਹਾਗਣਾਂ ਇਸ ਵਰਤ ਦਾ ਆਗਾਜ਼ ਸਵੇਰੇ ਮੂੰਹ ਹਨੇਰੇ ਉੱਠ ਕੇ ਨਹਾ ਧੋ ਕੇ, ਸੋਹਣੇ ਸੂਟ ਪਾ ਕੇ ਅਤੇ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਤਾਰਿਆਂ ਦੀ ਛਾਂਵੇਂ ਸਰਘੀ ਖਾ ਕੇ ਕਰਦੀਆਂ ਸਨ। ਸਰਘੀ ਵਿੱਚ ਮਿੱਠੀਆਂ ਰੋਟੀ, ਚੂਰੀ ਅਤੇ ਕੁਝ ਫਲ ਹੁੰਦੇ ਸਨ। ਸਰਘੀ ਖਾਣ ਉਪਰੰਤ ਫਿਰ ਦਿਨ ਵਿੱਚ ਕੁਝ ਨਹੀਂ ਖਾਣਾ ਹੁੰਦਾ ਸੀ। ਇੱਥੋਂ ਤਕ ਕਿ ਪਾਣੀ ਦਾ ਘੁੱਟ ਵੀ ਨਹੀਂ ਸੀ ਪੀਤਾ ਜਾਂਦਾ। ਵਰਤ ਰੱਖਣ ਵਾਲੀਆਂ ਔਰਤਾਂ ਸ਼ਾਮ ਨੂੰ ਬ੍ਰਾਹਮਣ ਤੋਂ ਵਰਤ ਸਬੰਧੀ ਕਥਾ ਸੁਣਨ ਜਾਂਦੀਆਂ ਸਨ। ਕਥਾ ਸੁਣਨ ਤੋਂ ਬਾਅਦ ਸਾਰੀਆਂ ਔਰਤਾਂ ਹਾਰ-ਸ਼ਿੰਗਾਰ ਲਗਾ ਕੇ ਸੱਜ-ਵਿਆਹੀਆਂ ਵਾਂਗ ਸੱਜ-ਧੱਜ ਕੇ ਕੋਠਿਆਂ ਉੱਤੇ ਚੜ੍ਹਦੀਆਂ ਅਤੇ ਵਦੀ ਚੌਥ ਦੇ ਚੰਨ ਦਾ ਚੜ੍ਹਾ ਉਡੀਕਦੀਆਂ ਸਨ।

ਇਸ ਦਿਨ ਕਰੂਏ (ਇੱਕ ਮਿੱਟੀ ਦੇ ਭਾਂਡੇ ਦਾ ਨਾਂ ਹੈ) ਦੀ ਪੂਜਾ ਕੀਤੀ ਜਾਂਦੀ ਸੀ। ਇਸ ਵਿੱਚ ਪਾਣੀ ਭਰਿਆ ਜਾਂਦਾ ਸੀ। ਜਦੋਂ ਚੰਦ ਨਿਕਲ ਆਉਂਦਾ ਸੀ, ਉਸ ਸਮੇਂ ਚੰਦ ਨੂੰ ਕਰੂਏ ਵਿੱਚ ਪਾਏ ਪਾਣੀ ਅਤੇ ਹੋਰ ਪਦਾਰਥਾਂ ਦਾ ਅਰਗ ਦਿੱਤਾ ਜਾਂਦਾ ਸੀ। ਤੀਵੀਆਂ ਛਾਨਣੀ ਥਾਂਈ ਚੰਦਰਮਾ ਵੇਖਦੀਆਂ ਸਨ ਤੇ ਆਪਣੇ ਪਤੀ ਦੀ ਲੰਮੀ ਉਮਰ ਦੀ ਅਰਦਾਸ ਕਰਦੀਆਂ ਸਨ, ਇਸ ਮੌਕੇ ਗੀਤ ਗਾਏ ਜਾਂਦੇ ਸਨ-

ਸੁਣ ਭੈਣ ਵੀਰਾਂ, ਚੰਨ ਚੜ੍ਹੇ 'ਤੇ ਪਾਣੀ ਪੀਣਾ
ਸੁੱਤੇ ਨੂੰ ਜਗਾਈਂ ਨਾ, ਵਿਹੜੇ ਪੈਰ ਪਾਈਂ ਨਾ
ਰੁੱਠੜਾ ਮਨਾਈ ਨਾ, ਘੁੰਮ ਚਰਖੜਾ ਫੇਰੀਂ ਨਾ
ਕੱਤਿਆ ਅਟੇਰੀ ਨਾ, ਸੁੱਤੇ ਨੂੰ ਜਗਾਈ ਨਾ

ਕਰਵਾ ਚੌਥ ਦੇ ਵਰਤ ਦੀ ਕਥਾ ਪਿੱਛੋਂ ਕੋਈ ਮਿੱਠੀ ਚੀਜ਼ ਖਾ ਕੇ ਸੁਹਾਗਣਾਂ ਆਪਣਾ ਵਰਤ ਖੋਲ੍ਹੀਆਂ ਸਨ। ਵਿਆਹੀਆਂ ਹੋਈਆਂ ਕੁੜੀਆਂ ਦੇ ਵੀਰ ਕਰਵਾ ਚੌਥ ਦੇ ਵਰਤਾਂ ਲਈ ਗੱਡੀ ਜੋੜ ਕੇ ਸਹੁਰਿਆਂ ਤੋਂ ਪੇਕੇ ਲੈਣ ਜਾਂਦੇ ਸਨ-

ਗੱਡੀ ਜੋੜ ਕੇ ਆਈਂ ਵੇ ਵੀਰਾ, ਕਰੂਏ ਦੇ ਵਰਤਾਂ ਨੂੰ

ਜੇਕਰ ਕਿਸੇ ਕੰਮ ਧੰਦੇ ਵਿੱਚ ਫਸਿਆ ਹੋਇਆ ਵੀਰ ਕਰਵਾ ਚੌਥ ਦੇ ਵਰਤਾਂ ਨੂੰ ਭੈਣ ਨੂੰ ਲਿਆਉਣ ਤੋਂ ਖੁੰਝ ਜਾਂਦਾ ਸੀ ਅਤੇ ਬਾਅਦ ਵਿੱਚ ਭੈਣ ਕੋਲ ਜਾਂਦਾ ਸੀ ਤਾਂ ਉਸ ਨੂੰ ਭੈਣ ਦੇ ਤੱਤੇ ਬੋਲ ਸੁਣਨੇ ਪੈਂਦੇ ਸਨ-

ਕਾਹਨੂੰ ਆਇਆ ਵੇ ਬੇਸ਼ਰਮਾ ਵੀਰਾ,
ਕਰੂਏ ਦੇ ਵਰਤ ਗਏ

ਪਿੰਡਾਂ ਵਿੱਚ ਹੁਣ ਕੋਈ ਟਾਂਵਾਂ-ਟਾਂਵਾਂ ਘਰ ਹੀ ਕਰਵਾ ਚੌਥ ਦੇ ਵਰਤ ਰੱਖਦਾ ਹੈ। ਸ਼ਹਿਰਾਂ ਵਿੱਚ ਅਜੇ ਵੀ ਹਿੰਦੂ ਵਰਗ ਨਾਲ ਸਬੰਧਿਤ ਘਰਾਂ ਵਿੱਚ ਵਰਤ ਰੱਖਣ ਦਾ ਰਿਵਾਜ ਚੱਲ ਰਿਹਾ ਹੈ ਪਰ ਉੱਥੇ ਵੀ ਹੁਣ ਇਹ ਦਿਨੋਂ ਦਿਨ ਘਟਦਾ ਜਾ ਰਿਹਾ ਹੈ।

—ਤਸਵਿੰਦਰ ਸਿੰਘ ਵੜੈਚ




mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
invis
Canada's Mortgage Experts™
MORTGAGE INTELLIGENCE®
Call today to get started
SANJEEV KATYAL
604.767.5194
info@katyalmortgage.ca
WWW.KATYALMORTGAGE.CA


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਬੈਂਕ ਆਫ ਕੈਨੇਡਾ ਵੱਲੋਂ ਵਿਆਜ਼ ਦਰਾਂ 'ਚ ਵਾਧਾ ਨਾ ਕੀਤੇ ਜਾਣ ਦੀ ਸੰਭਾਵਨਾ

ਓਟਵਾ-ਬੈਂਕ ਆਫ ਕੈਨੇਡਾ ਵੱਲੋਂ ਅੱਜ ਆਪਣੀਆਂ ਵਿਆਜ਼ ਦਰਾਂ ਦਾ ਐਲਾਨ ਕੀਤਾ ਜਾਵੇਗਾ। ਮਾਹਿਰਾਂ ਦਾ ਕਹਿਣਾ ਹੈ ਕਿ ਸੈਂਟਰਲ ਬੈਂਕ ਆਪਣੀਆਂ ਵਿਆਜ਼ ਦਰਾਂ ਵਿੱਚ ਵਾਧਾ ਨਹੀਂ ਕਰੇਗਾ ਕਿਉਂਕਿ ਅਰਥਚਾਰੇ ਦੀ ਸਥਿਤੀ ਕਮਜ਼ੋਰ ਹੈ ਤੇ ਮਹਿੰਗਾਈ ਦੀ ਰਫਤਾਰ ਘਟੀ ਹੈ। ਇਸ ਸਮੇਂ ਵਿਆਜ਼ ਦਰਾਂ ਪੰਜ ਫੀ ਸਦੀ ਉੱਤੇ ਚੱਲ ਰਹੀਆਂ ਹਨ, ਜੋ ਕਿ 2001 ਤੋਂ ਇਸ ਸਮੇਂ ਸੱਭ ਤੋਂ ਜ਼ਿਆਦਾ ਹਨ। ਇਸ ਦੌਰਾਨ ਕੈਨੇਡਾ ਦੀ ਸਾਲਾਨਾ ਮਹਿੰਗਾਈ ਦਰ ਸਤੰਬਰ ਵਿੱਚ 3.8 ਫੀਸਦੀ ਉੱਤੇ ਪਹੁੰਚ ਗਈ।ਬਹੁਤੇ ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਵਿਆਜ਼ ਦਰਾਂ ਪਹਿਲਾਂ ਹੀ ਕਾਫੀ ਜ਼ਿਆਦਾ ਹਨ ਤੇ ਇਨ੍ਹਾਂ ਨਾਲ ਕੀਮਤਾਂ ਵਿੱਚ ਸਥਿਰਤਾ ਲਿਆਉਣਾ ਵੀ ਔਖਾ ਹੋਵੇਗਾ ਤੇ ਬੈਂਕ ਆਫ ਕੈਨੇਡਾ ਦਾ ਮਹਿੰਗਾਈ ਨੂੰ ਦੋ ਫੀ ਸਦੀ ਤੱਕ ਕਰਨ ਦਾ ਟੀਚਾ ਪੂਰਾ ਕਰਨ ਵਿੱਚ ਵੀ ਮੁਸ਼ਕਲ ਪੇਸ਼ ਆਵੇਗੀ।





# ਗਾਜ਼ਾ ਵਿੱਚ ਜਾਰੀ ਰਹਿਣੀ ਚਾਹੀਦੀ ਹੈ ਮਨੁੱਖਤਾਵਾਦੀ ਮਦਦ-ਟਰੂਡੋ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਆਖਿਆ ਕਿ ਕੈਨੇਡਾ ਇਸ ਪੱਖ ਵਿੱਚ ਹੈ ਕਿ ਇਜ਼ਰਾਈਲ-ਹਮਸ ਜੰਗ ਦੌਰਾਨ ਥੋੜ੍ਹੀ ਦੇਰ ਲਈ ਠਹਿਰਾਵ ਆਉਣ ਦੇਣਾ ਚਾਹੀਦਾ ਹੈ ਤਾਂ ਕਿ ਮਨੁੱਖਤਾਵਾਦੀ ਮਦਦ ਕੀਤੀ ਜਾ ਸਕੇ। ਇਸ ਦੇ ਨਾਲ ਹੀ ਸਿਵੀਲੀਅਨਜ਼ ਨੂੰ ਮਦਦ ਵੀ ਮੁਹੱਈਆ ਕਰਵਾਈ ਜਾ ਸਕੇ। ਟਰੂਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਅਸੀਂ ਨਹੀਂ ਚਾਹੁੰਦੇ ਕਿ ਆਮ ਨਾਗਰਿਕਾਂ ਦਾ ਇਸ ਜੰਗ ਵਿੱਚ ਘਾਣ ਹੋਵੇ। ਇਸੇ ਲਈ ਅਸੀਂ ਆਪਣੇ ਭਾਈਵਾਲਾਂ ਨਾਲ ਰਲ ਕੇ ਮਨੁੱਖਤਾਵਾਦੀ ਗਲਿਆਰੇ ਕਾਇਮ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਜ਼ਿਕਰਯੋਗ ਹੈ ਕਿ ਇਸ ਤਰ੍ਹਾਂ ਦੀ ਕਾਫੀ ਗੱਲਬਾਤ ਇਸ ਸਮੇਂ ਚੱਲ ਰਹੀ ਹੈ। ਟਰੂਡੋ ਵੱਲੋਂ ਇਹ ਟਿੱਪਣੀ ਉਸ ਸਮੇਂ ਕੀਤੀ ਗਈ ਜਦੋਂ ਅਮਰੀਕਾ ਤੇ ਹੋਰ ਗਲੋਬਲ ਤਾਕਤਾਂ ਨੇ ਗਾਜ਼ਾ ਪੱਟੀ ਵਿੱਚ ਮਦਦ ਜਾਰੀ ਰੱਖਣ ਦੀ ਮੰਗ ਕੀਤੀ। ਇਹ ਤਾਕਤਾਂ ਨਹੀਂ ਚਾਹੁੰਦੀਆਂ ਕਿ ਇਹ ਸੰਕਟ ਹੋਰ ਡੂੰਘਾ ਹੋਵੇ।



# ਇੱਕ ਚੈਨਲ ਦਾ ਦਾਅਵਾ: ਰੂਸ ਦੇ ਰਾਸ਼ਟਰਪਤੀ ਪੁਤਿਨ ਨੂੰ ਪਿਆ ਦਿਲ ਦਾ ਦੌਰਾ, ਡਾਕਟਰਾਂ ਨੇ ਕੀਤੀ ਦਿਲ ਦੀ ਸਰਜਰੀ

ਮਾਸਕੋ-ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਸਿਹਤ ਨੂੰ ਲੈ ਕੇ ਇੱਕ ਵਾਰ ਫਿਰ ਅਹਿਮ ਜਾਣਕਾਰੀ ਸਾਹਮਣੇ ਆ ਰਹੀ ਹੈ। ਇੱਕ ਟੈਲੀਗ੍ਰਾਮ ਚੈਨਲ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਐਤਵਾਰ ਸ਼ਾਮ ਨੂੰ ਜਦੋਂ ਪੁਤਿਨ ਆਪਣੇ ਬੈੱਡਰੂਮ ਵਿੱਚ ਸਨ ਤਾਂ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ। ਇਸ ਦੇ ਨਾਲ ਹੀ ਇੱਕ ਵਾਰ ਫਿਰ ਤੋਂ ਅਟਕਲਾਂ ਸ਼ੁਰੂ ਹੋ ਗਈਆਂ ਹਨ ਕਿ ਰੂਸ ਦੇ ਰਾਸ਼ਟਰਪਤੀ ਬਿਮਾਰ ਹਨ। ਪਿਛਲੇ ਸਾਲ ਤੋਂ ਅਜਿਹੀਆਂ ਖ਼ਬਰਾਂ ਆ ਰਹੀਆਂ ਹਨ ਕਿ ਪੁਤਿਨ ਪੈਨਕ੍ਰੀਅਸ ਕੈਂਸਰ ਤੋਂ ਪੀੜਤ ਹਨ ਅਤੇ ਉਨ੍ਹਾਂ ਦੀ ਸਿਹਤ ਠੀਕ ਨਹੀਂ ਹੈ। ਹਾਲਾਂਕਿ ਹਾਲ ਹੀ ਵਿਚ ਪੁਤਿਨ ਚੀਨ ਗਏ ਸਨ ਅਤੇ ਰਾਸ਼ਟਰਪਤੀ ਦੀ ਸਿਹਤ ਠੀਕ ਨਹੀਂ ਹੈ ਇਸ ਦੌਰਾਨ ਬੀਮਾਰ ਹੋਣ ਦੇ ਸੰਕੇਤ ਨਹੀਂ ਲੱਗੇ ਸਨ। ਟੈਲੀਗ੍ਰਾਮ ਚੈਨਲ ਜਨਰਲ ਐਸਵੀਆਰ ਨੇ ਦਾਅਵਾ ਕੀਤਾ ਹੈ ਕਿ ਪੁਤਿਨ ਦੀ ਬਾਡੀ ਡਬਲ ਜਾਂ ਡਬਲਜ਼ ਉਨ੍ਹਾਂ ਦੇ ਵਿਦੇਸ਼ੀ ਦੌਰਿਆਂ ਸਮੇਤ ਹਾਲ ਹੀ ਵਿੱਚ ਹੋਏ ਸਮਾਗਮਾਂ ਵਿੱਚ ਮੌਜੂਦ ਰਹੀ ਹੈ। ਟੈਲੀਗ੍ਰਾਮ ਚੈਨਲ ਅਨੁਸਾਰ ਪੁਤਿਨ ਇਸ ਸਮੇਂ ਆਪਣੀ ਸਰਕਾਰੀ ਰਿਹਾਇਸ਼ ਵਿੱਚ ਇੱਕ ਵਿਸ਼ੇਸ਼ ਇੰਟੈਂਸਿਵ ਕੇਅਰ ਯੂਨਿਟ ਵਿੱਚ ਹਨ। ਉਨ੍ਹਾਂ ਨੂੰ ਦਿਲ ਦਾ ਦੌਰਾ ਪੈਣ ਤੋਂ ਬਾਅਦ




ਇੱਥੇ ਲਿਆਂਦਾ ਗਿਆ ਸੀ। ਚੈਨਲ ਨੇ ਕਿਹਾ ਕਿ ਡਾਕਟਰਾਂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਕਿ ਰਾਸ਼ਟਰਪਤੀ ਨੂੰ ਦਿਲ ਦਾ ਦੌਰਾ ਪਿਆ ਹੈ। ਇਸ ਲਈ ਉਸ ਨੇ ਪੁਤਿਨ ਦਾ ਇਲਾਜ ਕਰਵਾਇਆ। ਉਨ੍ਹਾਂ ਨੂੰ ਸਮੇਂ ਸਿਰ ਡਾਕਟਰਾਂ ਦੀ ਮੱਦਦ ਮਿਲੀ ਅਤੇ ਉਨ੍ਹਾਂ ਦੇ ਦਿਲ ਦੀ ਸਰਜਰੀ ਕੀਤੀ ਗਈ। ਇਸ ਸਰਜਰੀ ਤੋਂ ਬਾਅਦ ਪੁਤਿਨ ਨੂੰ ਹੋਸ਼ ਆ ਗਿਆ।





# ਸ਼ੂਗਰ ਰੋਗ ਤੋਂ ਬਚਣਾ ਸੰਭਵ ਹੈ

ਸ਼ੂਗਰ ਆਧੁਨਿਕ ਬਿਮਾਰੀ ਨਹੀਂ ਹੈ, ਪਰ ਜੋਕੀ ਭੱਜ ਦੌੜ ਦੀ ਜ਼ਿੰਦਗੀ ਗਲਤ ਜੀਵਨ ਸ਼ੈਲੀ ਅਤੇ ਖਾਣ ਪੀਣ ਇਸ ਦੇ ਪਸਾਰੇ ਦਾ ਮੁੱਖ ਕਾਰਨ ਹੈ। ਇਹ ਬਹੁਤ ਪੁਰਾਣਾ ਰੋਗ ਹੈ। ਮੁੱਖ ਤੌਰ'ਤੇ ਇਨਸ਼ੂਲੀਨ ਦੀ ਕਮੀ ਕਰਕੇ ਇਹ ਰੋਗ ਪਨਪਦਾ ਹੈ। ਇਨਸੂਲੀਨ ਪੈਂਕਰੀਅਮ ਤੋਂ ਨਿਕਲਣ ਵਾਲਾ ਰਸ ਹੈ। ਇਹ ਕੁੱਝ ਹੱਦ ਤੱਕ ਭੋਜਨ ਨੂੰ ਪਚਾਉਣ ਅਤੇ ਮੁੱਖ ਤੌਰ 'ਤੇਖ਼ੂਨ ਵਿਚ ਸ਼ੱਕਰ ਦੀ ਮਾਤਰਾ ਨੂੰ ਨਿਯਮਿਤ ਰੱਖਣ ਵਿਚ ਸਹਾਈ ਹੁੰਦਾ ਹੈ। ਇਨਸੁਲੀਨ ਦੀ ਘੱਟ ਉਤਪਤੀ ਕਰਕੇ ਸ਼ੱਕਰ ਦੀ ਮਾਤਰਾ ਉੱਪਰ ਸਰੀਰ ਵਿਚ ਕੰਟਰੋਲ ਨਹੀਂ ਰਹਿੰਦਾ। ਮੋਟੇ-ਭਾਰੇ ਸਰੀਰ ਵਿਚ ਜਿਵੇਂ-ਜਿਵੇਂ ਇਨਸੁਲੀਨ ਦੀ ਮਾਤਰਾ ਘੱਟਦੀ ਹੈ। ਸ਼ੂਗਰ ਦਾ ਖ਼ੂਨ ਵਿਚ ਵਾਧਾ ਹੋਣਾ ਸ਼ੁਰੂ ਹੋ ਜਾਂਦਾ ਹੈ। ਸ਼ੂਗਰ ਨਾਲ ਸੰਬੰਧਿਤ ਕਿਸੇ ਵੀ ਲੱਛਣ ਦਾ ਪਤਾ ਲੱਗਣ 'ਤੇ ਖ਼ੂਨ ਦੀ ਜਾਂਚ ਕਰਵਾ ਕੇ ਕਿਸੇ ਮਾਹਿਰ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ। ਸ਼ੂਗਰ ਤੋਂ ਕਈ ਹੋਰ ਰੋਗਾਂ ਜਵੇਂ ਮੋਤੀਆ ਬਿੰਦੂ, ਗੁਰਦਾਂ ਦੀ ਖਰਾਬੀ ਅਤੇ ਸਰੀਰਕ ਕਮਜ਼ੋਰੀ ਆਦਿ। ਸ਼ੂਗਰ ਰੋਗ ਤੋਂ ਬਚਣ ਲਈ ਆਪਣੇ ਸਰੀਰ ਦੇ ਭਾਰ ਨੂੰ ਕਾਬੂ ਵਿਚ ਰੱਖਣਾ ਬਹੁਤ ਹੀ ਜ਼ਰੂਰੀ ਹੈ। ਮਾਨਸਿਕ ਤਨਾਓ ਤੋਂ ਦੂਰ ਰਹਿਣਾ ਚਾਹੀਦਾ ਹੈ। ਹਰ ਰੋਜ਼ ਹਲਕੀ-ਫੁਲਕੀ ਕਸਰਤ ਦੇ ਨਾਲ-ਨਾਲ ਸਵੇਰ ਸ਼ਾਮ ਦੀ ਸੈਰ ਜ਼ਰੂਰ ਕਰਨੀ ਚਾਹੀਦੀ ਹੈ। ਸ਼ੂਗਰ ਇਕ ਜਟਿਲ ਰੋਗ ਤਾਂ ਹੈ ਪਰ ਇਸ ਉੱਪਰ ਕਾਬੂ ਪਾਉਣਾ ਔਖਾ ਨਹੀਂ ਹੈ। ਮਾਹਿਰ ਡਾਕਟਰ ਦੀ ਸਲਾਹ ਨਾਲ ਦਵਾਈਆਂ ਦਾ ਸੇਵਨ ਕਰਕੇ ਇਸ ਰੋਗ ਤੋਂ ਨਿਜਾਤ ਪਾਈ ਜਾ ਸਕਦੀ ਹੈ।



# ਤੰਦਰੁਸਤ ਦੰਦ ਤਾਂ ਸਭ ਕੁੱਝ ਠੀਕ



ਸਿਹਤ ਨਾਲ ਦੰਦਾਂ ਦਾ ਸਿੱਧਾ ਸਬੰਧ ਤਾਂ ਹੈ ਹੀ ਦੂਜਾ ਇਹ ਸਾਡੀ ਦਿਖ ਨੂੰ ਵੀ ਪ੍ਰਭਾਵਿਤ ਕਰਦੇ ਹਨ। ਅਸੀਂ ਜੋ ਕੁਝ ਵੀ ਖਾਂਦੇ ਹਾਂ ਉਸ ਨੂੰ ਚੰਗੀ ਤਰ੍ਹਾਂ ਚਬਾ ਕੇ ਖਾਣ ਵਿਚ ਤੰਦਰੁਸਤ ਦੰਦ ਹੀ ਸਾਡੀ ਸਹਾਇਤਾ ਕਰਦੇ ਹਨ। ਜਿੰਨਾ ਜ਼ਿਆਦਾ ਚਬਾ ਕੇ ਖਾਵਾਂਗੇ ਉਨ੍ਹਾਂ ਹੀ ਸਾਡਾ ਹਾਜ਼ਮਾ ਦਰੁਸਤ ਰਹੇਗਾ। ਦੰਦਾਂ ਦਾ ਕੰਮ ਆਂਤਾਂ ਤੋਂ ਨਹੀਂ ਲੈਣਾ ਚਾਹੀਦਾ ਹੈ। ਖਾਣਾ ਚੰਗੀ ਤਰ੍ਹਾਂ ਚਬਾ ਕੇ ਖਾਧਾ ਜਾਵੇ ਇਸ ਲਈ ਸਾਡੇ ਮੂੰਹ ਵਿਚ ਦੰਦਾਂ ਦਾ ਲੰਬੇ ਸਮੇਂ ਤੱਕ ਤੰਦਰੁਸਤ ਰਹਿਣਾ ਬਹੁਤ ਜ਼ਰੂਰੀ ਹੈ। ਸਾਡੀ ਸਿਹਤ ਦੇ ਨਾਲ-ਨਾਲ ਸਾਡੇ ਦੰਦ ਵੀ ਮਜ਼ਬੂਤ ਰਹਿਣ ਇਸ ਲਈ ਸਾਨੂੰ ਕੁਝ ਸਾਵਧਾਨੀਆਂ ਰੱਖਣ ਦੀ ਜ਼ਰੂਰਤ ਹੈ। ਸਾਨੂੰ ਹਰੇਕ ਖਾਣੇ ਤੋਂ ਬਾਅਦ ਸਾਡੇ ਦੰਦ ਚੰਗੀ ਤਰ੍ਹਾਂ ਸਾਫ਼ ਕਰਕੇ ਚਾਹੀਦੇ ਹਨ। ਹਰੇਕ ਖਾਣ ਤੋਂ ਬਾਅਦ ਘੱਟ ਤੋਂ ਘੱਟ 11 ਵਾਰ ਚੁਲੀ ਕਰੋ। ਜ਼ਿਆਦਾ ਗਰਮ ਜਾਂ ਜ਼ਿਆਦਾ ਠੰਢੀਆਂ ਖਾਣ ਵਾਲੀਆਂ ਚੀਜ਼ਾਂ ਦੀ ਵਰਤੋਂ ਤੋਂ ਸੰਕੋਚ ਕਰੋ। ਕੋਈ ਵੀ ਗਰਮ ਖਾਣ-ਪੀਣ ਵਾਲੀ ਚੀਜ਼ ਖਾਣ ਤੋਂ ਬਾਅਦ ਕਦੇ ਵੀ ਗਰਮ ਖਾਣ-ਪੀਣ ਵਾਲੀ ਚੀਜ਼ ਦੀ ਵਰਤੋਂ ਨਾ ਕਰੋ। ਜੇਕਰ ਤੁਹਾਡੇ ਦੰਦਾਂ ਦੇ ਵਿਚਕਾਰ ਵਿੱਥ ਹੈ ਤਾਂ ਖਾਣੇ ਦੇ ਕੁਝ ਅੰਸ਼ ਦੰਦਾਂ ਵਿਚ ਫਸ ਸਕਦੇ ਹਨ। ਤੁਰੰਤ ਦੰਦ ਸਾਫ਼ ਕਰਨ ਦੀ ਵਿਧੀ ਨਾਲ ਖਾਣੇ ਦੇ ਫਸੇ ਕਣ ਕੱਢ ਕੇ ਵਾਰ-ਵਾਰ ਚੁਲੀ ਕਰੋ ਤਾਂ ਜੋ ਕੋਈ ਵੀ ਕਣ ਦੰਦਾਂ ਵਿਚ ਫਸਿਆ ਨਾ ਰਹੇ। ਆਪਣੇ ਖਾਣ-ਪੀਣ ਵਿਚ ਕੈਲਸ਼ੀਅਮ, ਵਿਟਾਮਿਨ ਸੀ, ਡੀ ਵਾਲੇ ਪਦਾਰਥਾਂ ਦੀ ਜ਼ਿਆਦਾ ਵਰਤੋਂ ਕਰੋ। ਜਿਵੇਂ ਆਂਵਲਾ, ਗਾਜ਼ਰ, ਮੂਲੀ, ਨਿੰਬੂ, ਪਾਲਕ ਦੀ ਸਬਜ਼ੀ, ਮੱਖਣ, ਘਿਓ, ਮੂੰਗਫ਼ਲੀ, ਦੁੱਧ, ਦਹੀਂ, ਲੱਸੀ (ਛਾਠ) ਮੱਖਣ ਕੱਢੀ ਹੋਈ, ਕੇਲਾ ਅਤੇ ਨਾਰੀਅਲ ਆਦਿ। ਮੰਜਨ ਜਾਂ ਪੇਸਟ ਕਰਨ ਤੋਂ ਬਾਅਦ ਉਂਗਲਾਂ ਨਾਲ ਮਸੂੜਿਆਂ ਦੀ ਮਾਲਸ਼ ਕਰੋ। ਸੌਣ ਤੋਂ ਪਹਿਲਾਂ ਮੂੰਹ ਦਾ ਅੰਦਰਲਾ ਹਿੱਸਾ ਚੰਗੀ ਤਰ੍ਹਾਂ ਸਾਫ਼ ਕਰੋ। ਮਠਿਆਈ ਚਾਕਲੇਟ, ਟਾਫੀ ਜਾਂ ਠੰਢੇ ਪਦਾਰਥਾਂ ਦੀ ਘੱਟ ਤੋਂ ਘੱਟ ਵਰਤੋਂ ਕਰੋ।










# ਭਗਤ ਸਿੰਘ ਹੋਰਾਂ ਦੇ ਅੰਦੋਲਨ ਨੇ ਹੀ 1929 ਵਿਚ ਕਾਂਗਰਸ ਨੂੰ ਆਜ਼ਾਦੀ ਦਾ ਮਤਾ ਪਾਉਣ ਲਈ ਮਜਬੂਰ ਕੀਤਾ

## ਜੀਵੇ ਪੰਜਾਬ ਅਦਬੀ ਸੰਗਤ ਵੱਲੋਂ ਭਗਤ ਸਿੰਘ, ਉਸ ਦੀ ਸੋਚ ਤੇ ਅਜੋਕੀ ਰਾਜਨੀਤੀ ਬਾਰੇ ਵਿਚਾਰ ਚਰਚਾ

ਸਰੀ (ਹਰਦਮ ਮਾਨ)-ਜੀਵੇ ਪੰਜਾਬ ਅਦਬੀ ਸੰਗਤ ਅਤੇ ਸਾਊਥ ਏਸ਼ੀਅਨ ਰੀਵਿਊ ਕੈਨੇਡਾ ਵੱਲੋਂ ਬੀਤੇ ਦਿਨ ਭਗਤ ਸਿੰਘ, ਉਸ ਦੀ ਸੋਚ ਤੇ ਅਜੋਕੀ ਰਾਜਨੀਤੀ ਬਾਰੇ ਔਨ-ਲਾਈਨ ਵਿਚਾਰ ਚਰਚਾ ਕਰਵਾਈ ਗਈ ਜਿਸ ਵਿਚ ਮੁੱਖ ਬੁਲਾਰੇ ਐਡਵੋਕੇਟ ਸਰਬਜੀਤ ਸਿੰਘ ਵਿਰਕ ਨੇ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਜ਼ਿੰਦਗੀ, ਬੌਧਿਕਤਾ, ਸੋਚ, ਭਾਸ਼ਾ, ਸਾਹਿਤ, ਸਮਾਜ, ਮਨੁੱਖਤਾ, ਆਜ਼ਾਦੀ ਬਾਰੇ ਸਮਝ ਦੇ ਵੱਖ ਵੱਖ ਪਹਿਲੂਆਂ ਨੂੰ ਵਿਸਥਾਰ ਵਿਚ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਅੰਗਰੇਜ਼ਾਂ ਤੋਂ ਸਿਰਫ ਕੁਝ ਰਾਜਸੀ ਸਹੂਲਤਾਂ ਹੀ ਚਾਹੁੰਦੀ ਸੀ ਪਰ ਭਗਤ ਸਿੰਘ ਹੋਰਾਂ ਵੱਲੋਂ 1924 ਤੋਂ 1929 ਤੱਕ ਚਲਾਏ ਆਜ਼ਾਦੀ ਅੰਦੋਲਨ ਨੇ ਕਾਂਗਰਸ ਦੇ ਪੈਰ ਨਹੀਂ ਲੱਗਣ ਦਿੱਤੇ ਅਤੇ ਇਨ੍ਹਾਂ ਨੌਜਵਾਨਾਂ ਨੇ ਕਾਂਗਰਸ ਨੂੰ 1929 ਵਿਚ ਆਜ਼ਾਦੀ ਦਾ ਮਤਾ ਪਾਉਣ ਲਈ ਮਜਬੂਰ ਕਰ ਦਿੱਤਾ। ਸਾਹਿਤਿਕ ਜਾਗਰੂਕਤਾ ਬਾਰੇ ਭਗਤ ਸਿੰਘ ਜੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਭਗਤ ਸਿੰਘ ਕਹਿੰਦੇ ਸਨ ਕਿ ਆਮ ਜਨਤਾ ਨੂੰ ਉਹਨਾਂ ਦੀ ਆਪਣੀ ਭਾਸ਼ਾ ਵਿੱਚ ਹੀ ਸਾਹਿਤ ਬਾਰੇ ਜਾਗਰੂਕ ਕਰਨਾ ਜ਼ਰੂਰੀ ਹੈ। ਉਨ੍ਹਾਂ ਨੂੰ ਇਹ ਦੁੱਖ ਵੀ ਸੀ ਕਿ ਏਨੀ ਮਿੱਠੀ ਪਿਆਰੀ ਤੇ ਮੰਤਰ ਮੁਗਧ ਕਰਨ ਵਾਲੀ ਭਾਸ਼ਾ ਪੰਜਾਬੀ ਨੂੰ ਪੰਜਾਬੀਆਂ ਨੇ ਕਿਉਂ ਨਹੀਂ ਅਪਣਾਇਆ। ਉਹਨਾਂ ਦਾ ਵਿਚਾਰ ਸੀ ਕਿ ਲੋਕ ਪਹਿਲਾਂ ਭਾਸ਼ਾ ਦੇ ਮਸਲੇ ਤੇ ਜੁੜਨ, ਸਾਹਿਤਿਕ ਤੌਰ ਤੇ ਚੇਤਨ ਹੋਣ ਤੇ ਫਿਰ ਉਹ ਆਪਣਾ ਅਤੇ ਵਿਦੇਸ਼ੀ ਸਾਹਿਤ ਵੀ ਪੜ੍ਹਨਗੇ, ਇਨਕਲਾਬੀ ਲਹਿਰਾਂ ਬਾਰੇ ਪੜ੍ਹਨਗੇ, ਜਾਗਰੂਕ ਹੋਣਗੇ ਅਤੇ ਆਜ਼ਾਦੀ ਤੇ ਇਨਕਲਾਬ ਵੱਲ ਜਾਣਗੇ। ਨੌਜਵਾਨਾਂ ਅਤੇ




ਜਵਾਨੀ ਬਾਰੇ ਭਗਤ ਸਿੰਘ ਦੇ ਇਕ ਲੇਖ ਦਾ ਹਵਾਲਾ ਦਿੰਦਿਆਂ ਐਡਵੋਕੇਟ ਸਰਬਜੀਤ ਸਿੰਘ ਵਿਰਕ ਨੇ ਦੱਸਿਆ ਕਿ ਭਗਤ ਸਿੰਘ ਲਿਖਦੇ ਹਨ “ਜਵਾਨੀ ਦਾ ਵੇਲਾ ਮਨੁੱਖ ਦੀ ਜ਼ਿੰਦਗੀ ਦੀ ਬਹਾਰ ਰੁੱਤ ਹੁੰਦਾ ਹੈ। ਇਹ ਵੇਲਾ ਆਉਣ ਤੇ ਅਕਸਰ ਮਨੁੱਖ ਆਪੇ ਵਿੱਚ ਨਹੀਂ ਰਹਿੰਦਾ। ਉਸ ਨੂੰ ਹਜ਼ਾਰਾਂ ਬੋਤਲਾਂ ਦਾ ਨਸ਼ਾ ਹੋਇਆ ਮਹਿਸੂਸ ਹੁੰਦਾ ਹੈ। ਕੁਦਰਤ ਦੀਆਂ ਦਿੱਤੀਆਂ ਸਾਰੀਆਂ ਸ਼ਕਤੀਆਂ ਇਸ ਬਹਾਰ ਉਮਰੇ ਸੈਂਕੜੇ ਚਸ਼ਮਿਆਂ ਦੀ ਤਰ੍ਹਾਂ ਫੁੱਟਦੀਆਂ ਹਨ। ਇਹ ਉਮਰ ਇਸ ਤਰ੍ਹਾਂ ਦੀ ਹੁੰਦੀ ਹੈ ਜਿਵੇਂ ਕੋਈ ਹਾਥੀ ਮਸਤ ਹੋ ਕੇ ਕਾਬੂ ਵਿੱਚ ਨਾ ਆਵੇ, ਜਿਵੇਂ ਕਾਲੇ ਬੱਦਲ ਵਰਖਾ ਰੁੱਤੇ ਆਪਣਾ ਸਬਰ ਗੁਆ ਕੇ ਝੜੀਆਂ ਲਾਈ ਜਾਣ, ਜਿਵੇਂ ਕੋਈ ਵਾਅ ਵਰੋਲਾ ਪ੍ਰਚੰਡ ਹੋ ਕੇ ਸਭ ਕੁਝ ਮਿਟਾਉਣ ਤੇ ਆਇਆ ਹੋਵੇ, ਜਿਵੇਂ ਬਹਾਰ ਰੁੱਤ ਵਿੱਚ ਖਿੜੀਆਂ ਜਿਸਮਿਨ ਦੀਆਂ ਫੁੱਲ ਪੱਤੀਆਂ ਦੀ ਕੋਮਲਤਾ ਦਿਲ ਨੂੰ ਵੱਸ ਵਿੱਚ ਕਰ ਲਵੇ, ਜਿਵੇਂ ਕਿਸੇ ਜਵਾਲਾਮੁਖੀ ਵਿੱਚੋਂ ਬੇਮੁਹਾਰਾ ਲਾਵਾ ਫੁੱਟ ਪਵੇ, ਜਿਵੇਂ ਸਵੇਰ ਵੇਲੇ ਦਾ ਸੰਗੀਤ ਹੋਵੇ”। ਇਹ ਸਾਰਾ ਦੱਸ ਕੇ ਉਹ ਜਵਾਨਾਂ ਨੂੰ ਆਪਣੇ ਮਕਸਦ ਵੱਲ ਲਿਜਾਂਦੇ ਹੋਏ ਲਿਖਦੇ ਹਨ ‘ਜਵਾਨੀ ਦੇ ਸਮੇਂ ਸਰੀਰ ਇਵੇਂ ਹੁੰਦਾ ਜਿਵੇਂ ਕ੍ਰਾਂਤੀਕਾਰੀ ਨੇ ਜੇਬ ਵਿੱਚ ਬੰਬ ਪਾਇਆ ਹੋਵੇ, ਜਿਵੇਂ ਚਾਰਜਸ਼ੀਟ ਨੇ ਡੱਬ ਵਿੱਚ ਭਰ ਕੇ ਪਿਸਤੌਲ ਪਾਇਆ ਹੋਵੇ ਜਾਂ ਫਿਰ ਯੋਧੇ ਨੇ ਜੰਗ ਵਿੱਚ ਜਾਣ ਲਈ ਤਲਵਾਰ ਉਠਾਈ ਹੋਵੇ। 16 ਤੋਂ 25 ਵਰਿਆਂ ਦੀ ਉਮਰੇ ਹੱਡ ਮਾਸ ਦੇ ਬਣੇ ਇਸ ਸੰਦੂਕ ਵਿੱਚ ਵਿਧਾਤਾ ਦੁਨੀਆਂ ਦੇ ਸਾਰੇ ਸ਼ੋਰਗਲ ਮਚਾਉਣ ਵਾਲੇ ਤੱਤ ਪਾ ਦਿੰਦਾ ਹੈ ਤੇ ਫਿਰ 10 ਸਾਲ ਜਵਾਨੀ ਦੀ ਇਹ ਕਿਸ਼ਤੀ ਤੂਫਾਨਾਂ ਨਾਲ ਡਗਮਗਾਉਂਦੀ ਰਹਿੰਦੀ ਹੈ। ਉਹਨਾਂ ਦਾ ਇੱਕ ਖਾਸ ਉਦੇਸ਼ ਸੀ ਕਿਉਂਕਿ ਉਸ ਸਮੇਂ ਸਮਾਜ ਵਿਚ ਨੌਜਵਾਨ ਆਪਣੀ ਤਾਕਤ ਤੋਂ ਵਾਕਫ ਹੋ ਚੁੱਕੇ ਸਨ ਅਤੇ 1920 ਦੇ ਵਿੱਚ ਮਹਾਤਮਾ ਗਾਂਧੀ ਦੇ ਮਿਲਵਰਤਨ ਅੰਦੋਲਨ ਵਿੱਚ ਕੁੱਦਣ ਦੀ ਵੰਗਾਰ ਨੂੰ ਕਬੂਲਦਿਆਂ ਨੌਜਵਾਨ ਇਸ ਵਿਚ ਸ਼ਾਮਲ ਹੋਏ ਜਿਸ ਨਾਲ ਲਹਿਰ ਦੀ ਤਾਕਤ ਕਈ ਗੁਣਾ ਵਧ ਗਈ ਸੀ। ਉਨ੍ਹਾਂ ਨੌਜਵਾਨਾਂ ਨੂੰ ਆਪਣਾ ਜੋਸ਼, ਜਜ਼ਬਾ, ਹੌਂਸਲਾ ਦੇਸ਼, ਦੇਸ਼ ਦੀ ਕਿਸਮਤ ਬਦਲਣ ਲਈ ਲਾਉਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਮਨੁੱਖ ਜੇ ਚਾਹਵੇ ਤਾਂ ਇਸੇ ਉਮਰ ਤਿਆਗੀ ਵੀ ਬਣ ਸਕਦਾ ਤੇ ਭੋਗ ਬਿਲਾਸੀ ਵੀ, ਉਹ ਦੇਵਤਾ ਵੀ ਬਣ ਸਕਦਾ ਹੈ ਤੇ ਰਾਖਸ਼ ਵੀ, ਉਹ ਸੰਸਾਰ ਨੂੰ ਨਸ਼ਟ ਵੀ ਕਰ ਸਕਦਾ ਤੇ ਲੋਕਾਂ ਦਾ ਰੱਖਿਅਕ ਵੀ ਬਣ ਸਕਦਾ ਹੈ। ਇਨਸਾਨੀਅਤ ਬਾਰੇ ਤੇ ਜਾਤ ਪਾਤ ਨੂੰ ਖਤਮ ਕਰਨ ਬਾਰੇ ਭਗਤ ਸਿੰਘ ਦੇ ਵਿਚਾਰ ਸਨ ਕਿ ਸਾਰੀ ਦੁਨੀਆਂ ਵਿੱਚੋਂ ਹੀ ਮਨੁੱਖ ਨਾਲ ਭੇਦਭਾਵ ਮਿਟਣਾ ਚਾਹੀਦਾ ਹੈ। ਹਰ ਇਕ ਨੂੰ ਰੋਟੀ ਮਿਲਣੀ ਚਾਹੀਦੀ ਹੈ, ਘਰ ਮਿਲਣਾ ਚਾਹੀਦਾ ਹੈ, ਉਨ੍ਹਾਂ ਵਿਚ ਵਿਸ਼ਵਾਸ ਤੇ ਵਿਗਿਆਨਕ ਤਰਕ ਦੀ ਰੋਸ਼ਨੀ ਜਾਣੀ ਚਾਹੀਦੀ ਹੈ ਤਾਂ ਹੀ ਉਹਨਾਂ ਵਿਚ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਕੱਟਣ ਦੀ ਸ਼ਕਤੀ ਆ ਕਸਦੀ ਹੈ। ਗੁਲਾਮੀ ਤੇ ਸ਼ੋਸ਼ਣ ਤੋਂ ਮੁਕਤੀ ਉਨ੍ਹਾਂ ਦਾ ਸਭ ਤੋਂ ਵੱਡਾ ਸਾਡਾ ਸਰੋਕਾਰ ਸੀ। ਉਹਨਾਂ ਅਨੁਸਾਰ ਮਨੁੱਖਤਾ ਦੇ ਸਰੋਕਾਰਾਂ ਨਾਲ ਜੁੜਨ ਲਈ ਬੰਦੇ ਵਿੱਚ ਵੱਡਾ ਸਬਰ, ਹੌਸਲਾ, ਦ੍ਰਿੜਤਾ ਤੇ ਕੁਰਬਾਨੀ ਦੀ ਭਾਵਨਾ ਹੋਣੀ ਚਾਹੀਦੀ ਹੈ ਕਿਉਂਕਿ ਸਮਾਜ ਦੇ ਸ਼ੋਸ਼ਕ ਅਤੇ ਰਾਜ ਕਰਦੇ ਵਰਗ ਵੱਲੋਂ ਅਜਿਹੇ ਕਾਰਜਾਂ ਦੇ ਜਵਾਬ ਵਿੱਚ ਕੇਵਲ ਕਾਨੂੰਨੀ ਰੋਕਾਂ ਹੀ ਖੜ੍ਹੀਆਂ ਨਹੀਂ ਕੀਤੀਆਂ ਜਾਂਦੀਆਂ ਸਗੋਂ ਸ਼ੋਸ਼ਣ ਅਤੇ ਗੁਲਾਮੀ ਖ਼ਿਲਾਫ਼ ਆਵਾਜ਼ ਉਠਾਉਣ ਵਾਲਿਆਂ ਨੂੰ ਅਕਸਰ ਦਬਾਇਆ, ਧਮਕਾਇਆ ਜਾਂਦਾ ਹੈ, ਕਈ ਵਾਰ ਤਸੀਹੇ ਦਿੱਤੇ ਜਾਂਦੇ ਹਨ ਤੇ ਰਾਜਸੀ ਜਾਂ ਕਾਨੂੰਨੀ ਤਾਕਤ ਦਾ ਸਹਾਰਾ ਲੈ ਕੇ ਰਾਹ ਵਿੱਚੋਂ ਲਾਂਭੇ ਕਰਨ ਦੀਆਂ ਸਾਜਿਸ਼ਾਂ ਵੀ ਰਚੀਆਂ ਜਾਂਦੀਆਂ ਹਨ। ਉਹ ਇਸ ਤਰ੍ਹਾਂ ਦੀ ਆਜ਼ਾਦੀ ਤੇ ਇਨਕਲਾਬ ਚਾਹੁੰਦੇ ਸਨ ਕਿ ਦੁਨੀਆਂ ਵਿਚ ਕਿਤੇ ਵੀ ਲੋਕਾਂ ਦੀ ਲੁੱਟ ਖਸੁੱਟ ਨਾ ਹੋਵੇ। ਇਸ ਵਿਚਾਰ ਚਰਚਾ ਵਿਚ ਭੁਪਿੰਦਰ ਮੱਲ੍ਹੀ, ਡਾ. ਸੁਖਵਿੰਦਰ ਵਿਰਕ, ਡਾ. ਗੋਪਾਲ ਸਿੰਘ ਬੁੱਟਰ, ਨਵਰੂਪ ਸਿੰਘ, ਬਲਜਿੰਦਰ ਮੁਠੱਡਾ, ਬਚਨ ਸਿੰਘ ਖੁੱਡੇਵਾਲੀਆ, ਜਸਵਿੰਦਰ, ਡਾ. ਪ੍ਰਭਜੋਤ ਪਰਮਾਰ, ਵਕਾਰ ਸਿਪਰਾ ਨੇ ਵੀ ਆਪਣੇ ਵਿਚਾਰ ਰੱਖੇ। ਅੰਤ ਵਿਚ ਸੁੱਚਾ ਦੀਪਕ ਨੇ ਸਭ ਦਾ ਧੰਨਵਾਦ ਕੀਤਾ ਅਤੇ ਵਿਸ਼ੇਸ਼ ਕਰਕੇ ਐਡਵੋਕੇਟ ਸਰਬਜੀਤ ਸਿੰਘ ਵਿਰਕ ਦਾ ਸ਼ੁਕਰੀਆ ਅਦਾ ਕੀਤਾ ਜਿਨ੍ਹਾਂ ਆਪਣੀ ਜ਼ਿੰਦਗੀ ਦੇ 12 ਸਾਲ ਲਾ ਕੇ ਸ਼ਹੀਦੇ-ਆਜ਼ਮ ਭਗਤ ਸਿੰਘ ਬਾਰੇ ਜਗ੍ਹਾ ਜਗ੍ਹਾ ਤੋਂ ਸਾਰਾ ਕੁਝ ਇਕੱਠਾ ਕਰਕੇ ਅਤੇ ਉਹਨੂੰ ਇੱਕ ਮਾਲਾ ਦੇ ਵਿੱਚ ਪਰੋ ਕੇ ਵਿਚਾਰ ਚਰਚਾ ਵਿਚ ਪੇਸ਼ ਕੀਤਾ। ਵਿਚਾਰ ਚਰਚਾ ਦਾ ਸੰਚਾਲਨ ਨਵਰੂਪ ਸਿੰਘ ਨੇ ਕੀਤਾ।






# ਰਾਜਿੰਦਰ ਸਿੰਘ : ਵਿਗਿਆਨ ਦੇ ਇਤਿਹਾਸ ਵਿਚ ਇਕ ਨਵਾਂ ਮੀਲ ਪੱਥਰ

**ਪ੍ਰੋ: ਹਰਦੇਵ ਸਿੰਘ ਵਿਰਕ**
ਸਰੀ (ਵੈਨਕੂਵਰ), ਕੈਨੇਡਾ)

ਵਿਗਿਆਨ ਦੀ ਤਰੱਕੀ ਨਾਲ ਮਨੁੱਖ ਨੇ ਨਵੀਆਂ ਮੰਜ਼ਿਲ੍ਹਾਂ ਛੂਹੀਆਂ ਹਨ। ਉਹ ਧਰਤੀ ਤੋਂ ਉੱਡ ਕੇ ਚੰਦਮਰਾ ਅਤੇ ਮੰਗਲ ਗ੍ਰਹਿ ਉੱਪਰ ਵੀ ਪਹੁੰਚ ਗਿਆ ਹੈ। ਐਟਮ ਦੇ ਅੰਦਰ ਝਾਤ ਮਾਰੀਏ ਤਾਂ ਪ੍ਰੋਟਾਨਾਂ ਅਤੇ ਈਲੈਕਟਰਾਨਾਂ ਦਾ ਥਹੁ-ਪਤਾ ਵੀ ਲਗਾ ਲਿਆ ਹੈ। ਜੀਵਨ ਦੇ ਗੁੱਝੇ ਭੇਦਾਂ ਨੂੰ ਸੈੱਲ ਦੀ ਬਣਤਰ ਵਿਚੋਂ ਲੱਭਿਆ ਜਾ ਚੁੱਕਾ ਹੈ ਉਹ ਦਿਨ ਦੂਰ ਨਹੀਂ ਜਦੋਂ ਮਨੁੱਖ ਪ੍ਰਯੋਗਸ਼ਾਲਾ ਵਿਚ ਆਪਣੇ ਵਰਗਾ ਜੀਵ ਤਿਆਰ ਕਰ ਲਵੇਗਾ। ਇਕੀਵੀਂ ਸਦੀ ਮਸਨੂਈ ਬੌਧਿਕਤਾ ਦੀ ਸਦੀ ਹੈ ਅਤੇ ਮਸ਼ੀਨਾਂ ਮਨੁੱਖੀ ਦਿਮਾਗ ਨਾਲੋਂ ਵੱਧ ਚਤੁਰ ਅਤੇ ਤੇਜ ਰਫ਼ਤਾਰ ਹੋ ਰਹੀਆਂ ਹਨ। ਇਸ ਸਾਰੇ ਵਰਤਾਰੇ ਪਿੱਛੇ ਵਿਗਿਆਨ ਦਾ ਇਤਿਹਾਸ ਸਮਝਣਾ ਜ਼ਰੂਰੀ ਬਣ ਜਾਂਦਾ ਹੈ।

ਰਾਜਿੰਦਰ ਸਿੰਘ ਇਕ ਅਜਿਹਾ ਭੌਤਿਕ ਵਿਗਿਆਨੀ ਹੈ ਜਿਸ ਨੇ ਜਰਮਨੀ ਵਿਚ ਰਹਿੰਦਿਆਂ ਆਪਣੀ ਡਾਕਟਰੇਟ ਦੀ ਡਿਗਰੀ ਲਈ ਵਿਗਿਆਨ ਦੇ ਇਤਿਹਾਸ ਦਾ ਵਿਸ਼ਾ ਚੁਣਿਆ। ਉਸ ਨੇ ਆਪਣੇ ਪਰੋਫੈਸਰ ਦੀ ਰਜ਼ਾਮੰਦੀ ਨਾਲ ਸੀ. ਵੀ. ਰਮਨ ਦੀਆਂ ਖੋਜਾਂ ਦੀ ਮੁੜ ਵਿਆਖਿਆ ਕਰਨੀ ਚਾਹੀ। ਜਿਵੇਂ ਰਮਨ ਨੇ ਕਲਕੱਤੇ ਆਪਣੀ ਲੈਬ ਵਿਚ ਪ੍ਰਯੋਗ ਕੀਤੇ ਸਨ, ਰਜਿੰਦਰ ਨੇ ਉਨ੍ਹਾਂ ਪ੍ਰਯੋਗਾਂ ਨੂੰ ਹੂ-ਬਹੂ ਉਸੇ ਤਰ੍ਹਾਂ ਹੀ ਦੁਹਰਾਇਆ। ਰਮਨ ਦੀ ਜੀਵਨੀ ਅਤੇ ਨੋਬਲ ਪੁਰਸਕਾਰ ਲਈ ਕੀਤੀ ਖੋਜ ਦਾ ਮੁਤਾਇਆ ਕੀਤਾ। ਭਾਰਤ ਵਿਚ ਰਮਨ ਦੀ ਖੋਜ ਬਾਰੇ ਕਈ ਭਰਮ-ਭੁਲੇਖੇ ਪੈ ਚੁੱਕੇ ਸਨ ਜਿਵੇਂ ਉਸ ਦੀ ਖੋਜ ਲਈ 400 ਰੁਪਏ ਦਾ ਉਪਕਰਣ ਹੀ ਵਰਤਿਆ ਗਿਆ ਅਤੇ ਉਹ ਪੁਰਸਕਾਰ ਲੈਣ ਵੇਲੇ ਫੁੱਟ ਫੁੱਟ ਕੇ ਰੋਇਆ ਕਿਉਂ ਕਿ ਉਹ ਗੁਲਾਮ ਭਾਰਤ ਦਾ ਵਸਨੀਕ ਸੀ ਅਤੇ ਤਰੰਗੇ ਦੀ ਜਗਹ ਯੂਨੀਅਨ ਜੈਕ ਲਹਿਰਾਇਆ ਗਿਆ। ਰਾਜਿੰਦਰ ਨੇ ਆਪਣੇ ਥੀਸਜ਼ ਅਤੇ ਖੋਜ ਪ੍ਰਕਿਰਿਆ ਵਿਚ ਇਹ ਮਿੱਥਕ ਧਾਰਨਾਵਾਂ ਦਾ ਖੰਡਨ ਕੀਤਾ। ਹੈਮਬਰਗ ਯੂਨੀਵਰਸਿਟੀ ਨੇ ਉਸ ਦੇ ਥੀਸਜ਼ ਦੀ ਪ੍ਰਸੰਸਾ ਕੀਤੀ ਅਤੇ ਉਸ ਨੂੰ ਡੀ. ਐਸ. ਸੀ. ਦੀ ਡਿਗਰੀ ਪ੍ਰਾਪਤ ਹੋਈ.

ਰਾਜਿੰਦਰ ਦਾ ਜਨਮ 5 ਅਕਤੂਬਰ 1957 ਨੂੰ ਜਲੰਧਰ ਜ਼ਿਲ੍ਹੇ ਦੇ ਲਿੱਧੜਾਂ ਪਿੰਡ ਵਿਚ ਹੋਇਆ। ਉਸ ਦੇ ਨਾਨਾ ਜੀ ਨੇ ਭਵਿੱਖਬਾਣੀ ਕੀਤ ਕਿ ਇਹ ਬਾਲਕ ਪਰਿਵਾਰ ਦਾ ਨਾਂਅ ਰੌਸ਼ਨ ਕਰੇਗਾ ਅਤੇ ਅੰਤਰ ਰਾਸ਼ਟਰਰੀ ਪ੍ਰਸਿੱਧੀ ਪ੍ਰਾਪਤ ਕਰੇਗਾ। ਘਰ ਦੀ ਗਰੀਬੀ ਕਾਰਨ ਉਹ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਿਆ ਅਤੇ ਬਾਅਦ ਵਿਚ ਸੂਰਾਨਸੀ ਦੇ ਯੂਨਾਈਟਡ ਕ੍ਰਿਸਚਨ ਹਾਇਰ ਸੈਕੰਡਰੀਰ ਸਕੂਲ ਵਿਚ ਜਾ ਦਾਖਲ ਹੋਇਆ। ਇਸ ਸਕੂਲ ਵਿਚ ਉਸ ਨੂੰ ਜਰਮਨੀ ਦੇ ਈਸਾਈ ਮਿਸ਼ਨ ਦਾ ਵਜੀਫਾ ਮਿਲ ਗਿਆ ਅਤੇ ਪੜ੍ਹਾਈ ਦਾ ਸਾਰਾ ਖਰਚਾ ਪੂਰਾ ਹੋ ਗਿਆ। ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਉਹ ਦਸਵੀਂ ਜਮਾਤ ਵਿਚ ਸਕੂਲ ਦਾ ਟਾਪਰ ਬਣ ਗਿਆ। ਡੀ.ਏ.ਵੀ. ਕਾਲਜ ਜਲੰਧਰ ਵਿਚ ਬੀ. ਐੱਸ. ਸੀ. ਕਰਨ ਸਮੇਂ ਉਸ ਨੇ ਟਿਊਸ਼ਨ ਰੱਖ ਕੇ ਪੜ੍ਹਾਈ ਦਾ ਖਰਚਾ ਪੂਰਾ ਕੀਤਾ ਪਰ ਹਿੰਮ ਨਹੀਂ ਹਾਰੀ। ਯੂਨੀਵਰਸਿਟ ਵਿਚ ਜਾ ਕੇ ਐਮ. ਐਸ. ਸੀ. ਕਰਨ ਦਾ ਸੁਪਨਾ ਸਾਕਾਰ ਨਾ ਹੋਇਆ ਅਤੇ ਆਪਣੇ ਈਸਾਈ ਸਕੂਲ ਦੀ ਮਦਦ ਨਾਲ ਬੀ. ਐੱਡ ਕਰਕੇ ਉਸੇ ਸਕੂਲ ਵਿਚ ਸਾਇੰਸ ਮਾਸਟਰ ਲੱਗ ਗਿਆ। ਚਾਰ ਸਾਲ ਚਾਰ ਸਕੂਲਾਂ ਵਿਚ ਮਾਸਟਰੀ ਕਰਨ ਉਪਰੰਤ ਉਸ ਨੂੰ ਖਿਆਲ ਆਇਆ ਕਿ ਜਰਮਨੀ ਜਾ ਕੇ ਕਿਸਮਤ ਅਜਮਾਈ ਜਾਵੇ। 1984 ਦਾ ਘੱਲੂਘਾਰਾ ਵਰਤਿਆ ਅਤੇ ਰਾਜਿੰਦਰ ਜੁਲਾਈ 1984 ਨੂੰ ਟੂਰਿਸਟ ਵੀਜ਼ੇ 'ਤੇ ਜਰਮਨੀ ਪਹੁੰਚ ਗਿਆ।

ਰਾਜਿੰਦਰ ਕੋਲ ਯੂਨੀਵਰਸਿਟੀ ਵਿਚ ਦਾਖਲ ਹੋਣ ਲਈ ਮਾਇਆ ਨਹੀਂ ਸੀ। ਵੀਜ਼ਾ ਵੀ ਛੇ ਮਹੀਨੇ ਦਾ ਹੀ ਮਿਲਿਆ ਸੀ। ਇਕ ਈਸਾਈ ਪਾਦਰੀ ਅਤੇ ਉਸ ਦੀ ਧੀ ਨੇ ਰਾਜਿੰਦਰ ਨੂੰ ਆਪਣੇ ਘਰ ਰਹਿਣ ਲਈ ਜਗ੍ਹਾ ਦੇ ਦਿੱਤੀ ਅਤੇ ਉਸ ਨੂੰ ਜਰਮਨ ਭਾਸ਼ਾ ਪੜ੍ਹਣ ਲਈ ਓਲਡਨਬਰਗ ਯੂਨੀਵਰਸਿਟੀ ਵਿਚ ਦਾਖਲ ਕਰਵਾ ਦਿੱਤਾ। ਉਸ ਨੂੰ ਜਰਮਨੀ ਵਿਚ ਰਹਿਣ ਲਈ ਕਈ ਪਾਪੜ ਵੇਲਣੇ ਪਏ। ਵਿਦੇਸ਼ ਮੰਤਰਾਲੇ ਦੇ ਵੀਜ਼ਾ ਵਿਭਾਗ ਵਿਚ ਕੇਸ ਲੜਿਆ, ਰੈਸਟਰਾਂ ਅਤੇ ਘਰਾਂ ਵਿਚ ਸਫ਼ਾਈ ਦਾ ਕੰਮ ਕੀਤਾ, ਹਰ ਰੋਜ਼ ਮੀਂਹ ਹਨ੍ਹੇਰੀ ਵਿਚ 30 ਕਿਲੋਮੀਟਰ ਦਾ ਸਫ਼ਰ ਸਾਈਕਲ 'ਤੇ ਕੀਤਾ ਅਤੇ ਉਸੇ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਵਿਚ ਦਾਖਲਾ ਲੈ ਕੇ ਡਿਪਲੋਮਾ-ਫਿਜ਼ਿਕ ਦੀ ਡਿਗਰੀ ਹਾਸਲ ਕੀਤੀ। ਉਸ ਦਾ ਜੀਵਨ ਜੋਖਮ ਭਰਿਆ ਹੋਣ ਕਰਕੇ ਕਈ ਦਰਦਨਾਕ ਮੋੜ ਵੀ ਆਏ ਪਰ ਉਸ ਨੇ ਹਿੰਮਤ ਨਹੀਂ ਹਾਰੀ। ਪਾਦਰੀ ਦੀ ਕੁੜੀ ਨੇ ਉਸ ਦਾ ਸਾਥ ਨਹੀਂ ਛੱਡਿਆ। ਕੁੜੀ ਚਾਹੁੰਦੀ ਸੀ ਕਿ ਰਾਜਿੰਦਰ ਉਸ ਨਾਲ ਸ਼ਾਦੀ ਕਰਕੇ ਪੱਕਾ ਹੋ ਜਾਵੇ। ਰਾਜਿੰਦਰ ਨੇ ਉਸ ਦੀ ਪੇਸ਼ਕਸ਼ ਇਸ ਲਈ ਠੁਕਰਾ ਦਿੱਤੀ ਕਿਉਂਕਿ ਕੁੜੀ ਰਾਜਿੰਦਰ ਨੂੰ ਈਸਾਈ ਧਰਮ ਵਿਚ ਪ੍ਰਵੇਸ਼ ਕਰਵਾਉਣਾ ਚਾਹੁੰਦੀ ਸੀ। ਰਾਜਿੰਦਰ ਇਹ ਸ਼ਰਤ ਮੰਨਣ ਲਈ ਤਿਆਰ ਨਹੀਂ ਸੀ ਜਿਸ ਕਰਕੇ ਕੁੜੀ ਅਤੇ ਉਸ ਦਾ ਪਾਦਰੀ ਪਿਉ ਕੁਝ ਨਿਰਾਸ਼ ਹੋ ਗਏ। ਰਾਜਿੰਦਰ ਨੇ ਸਿੱਖੀ ਧਰਮ ਨੂੰ ਜਰਮਨੀ ਵਿਚ ਪੱਕੇ ਹੋਣ ਲਈ ਤਿਲਾਂਜਲੀ ਨਹੀਂ ਦਿੱਤੀ। ਉਸ ਨੇ ਈਸਾਈ ਪਰਿਵਾਰ ਨਾਲ ਮਿਲਵਰਤਣ ਜਾਰੀ ਰੱਖਿਆ ਹੈ ਪਰ ਆਪਣੀ ਅਣਖ ਦਾ ਸੌਦਾ ਨਹੀਂ ਕੀਤਾ ਜਿਵੇਂ ਅੱਜਕੱਲ੍ਹ ਪੰਜਾਬ ਦੇ ਲੋਕ ਕਰ ਰਹੇ ਹਨ।

ਰਾਜਿੰਦਰ ਸਿੰਘ ਨੇ ਜਰਮਨ ਤੋਂ ਬਾਅਦ ਸਪੇਨੀ ਭਾਸ਼ਾ ਵੀ ਸਿੱਖੀ। ਇਸ ਪੜ੍ਹਾਈ ਦੌਰਾਨ ਉਸ ਦੀ ਇਕ ਜਮਾਤਣ ਕੁੜੀ ਨਾਲ ਸ਼ਾਦੀ ਹੋ ਗਈ। ਉਹ ਦੋਵੇਂ ਮੀਆਂ-ਬੀਵੀ ਜਰਮਨੀ ਦੇ ਇਕ ਕਸਬੇ 'ਸਾਈਕ' ਵਿਚ ਰਹਿੰਦੇ ਹਨ ਅਤੇ ਦੋਵੇਂ ਸਕੂਲ ਦੀ ਨੌਕਰੀ ਕਰਦੇ ਹਨ। ਰਾਜਿੰਦਰ ਸਿੰਘ ਦੇ ਦੋ ਬੱਚੇ ਹਨ, ਇਕ ਪੁੱਤਰ ਅਤੇ ਇਕ ਧੀ। ਉਸ ਨੇ ਬੱਚੇ ਪਾਲਣ ਲਈਚਾਰ ਸਾਲ ਛੁੱਟੀ ਲੈ ਲਈ ਅਤੇ ਆਪਣੀ ਬੀਵੀ ਨੂੰ ਨੌਕਰੀ ਕਰਨ ਦੀ ਮੋਹਲਤ ਦੇ ਦਿੱਤੀ। ਉਸ ਨੇ ਆਪਣੇ ਬੱਚਿਆਂ ਲਈ ਮਾਂ ਅਤੇ ਪਿਉ ਦੋਵਾਂ ਦਾ ਰੋਲ ਅਦਾ ਕੀਤਾ। ਉਹ ਦੱਸਦਾ ਹੈ ਕਿ ਉਸ ਦਾ ਪੁੱਤਰ ਉਸ ਦੇ ਹਰ ਹੁਕਮ ਨੂੰ ਸਿਰ-ਮੱਥੇ ਕਬੂਲ ਕਰਦਾ ਹੈ। ਅੱਜਕੱਲ੍ਹ ਰਾਜਿੰਦਰ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾ ਰਿਹਾ ਹੈ। ਉਹ ਪੰਜਾਬ ਜਾ ਕੇ ਉਸ ਦੇ ਜੱਦੀ ਘਰ ਵਿਚ ਰਹਿ ਕੇ ਖੁਸ਼ੀ ਮਹਿਸੂਸ ਕਰਦੇ ਹਨ। ਉਸ ਦਾ ਪੁੱਤਰ 'ਮਾਈਕਲ' ਮੋਹਾਲੀ ਦੋ ਮਹੀਨੇ ਗਰਮੀਆਂ ਕੱਟ ਆਇਆ ਹੈ। ਉਸ ਦੀ ਮਾਂ ਨੇ ਮੈਨੂੰ ਕਿਹਾ ਕਿ ਉਸ ਨੂੰ ਪੰਜਾਬ ਦੇ ਆਮ ਲੋਕਾਂ ਵਾਂਗ ਰਹਿਣ ਦੇਣਾ ਅਤੇ ਏ. ਸੀ. ਬਗੈਰਾ ਦਾ ਕੋਈ ਪ੍ਰਬੰਧ ਨਾ ਕਰਨਾ।

ਰਾਜਿੰਦਰ ਸਿੰਘ ਨੇ ਵਿਗਿਆਨ ਦੇ ਇਤਿਹਾਸ ਵਿਚ ਜੋ ਸਥਾਨ ਹਾਸਲ ਕੀਤਾ ਹੈ, ਉਸ ਦਾ ਜ਼ਿਕਰ ਕਰਨਾ ਬਣਦਾ ਹੈ। ਡੀ. ਐਸ. ਸੀ. ਦਾ ਥੀਸਜ਼ ਲਿਖਣ ਤੋਂ ਬਾਅਦ ਉਸ ਨੇ ਸੀ. ਈ. ਰਮਨ ਦੀ ਖੋਜ ਅਤੇ ਜੀਵਨ ਉੱਪਰ ਅੰਗਰੇਜ਼ੀ ਵਿਚ ਛੇ ਪੁਸਤਕਾਂ ਛਪਵਾਈਆਂ ਹਨ। ਭਾਰਤ ਅਤੇ ਵਿਦੇਸ਼ਾਂ ਵਿਚ ਹੋਰ ਕਿਸੇ ਵਿਗਿਆਨੀ ਨੇ ਰਮਨ ਉੱਪਰ ਇੰਨਾ ਖੋਜ ਕੰਮ ਨਹੀਂ ਕੀਤਾ। ਉਸ ਦੀ ਪਹੁੰਚ ਵਿਚ ਰਮਨ ਦੇ ਹੋਣਹਾਰ ਵਿਦਿਆਰਥੀ ਵੀ ਆਏ ਹਨ। ਕਕਲਕੱਤਾ ਯੂਨੀਵਰਸਿਟੀ ਵਿਚ ਰਮਨ ਨੂੰ ਵਿਸ਼ੇਸ਼ ਤੌਰ 'ਤੇ ਕਾਇਮ ਕੀਤੀ 'ਪਾਲਿਤ ਚੇਅਰ' ਉੱਪਰ ਪ੍ਰੋਫੈਸਰ ਨਿਯੁਕਤ ਕੀਤਾ ਗਿਆ। ਉਸ ਨੇ ਅੰਗਰੇਜ਼ੀ ਸਰਕਾਰ ਦੀ ਉੱਚ ਪੱਧਰੀ ਨੌਕਰੀ ਨੂੰ ਤਿਲਾਂਜਲੀ ਦੇ ਕੇ ਅੱਧੀ ਤਨਖਾਹ ਤੇ ਯੂਨੀਵਰਸਿਟੀ ਵਿਚ ਖੋਜ ਕਰਨ ਨੂੰ ਤਰਜ਼ੀਹ ਦਿੱਤੀ। ਰਮਨ ਦੇ ਵਿਦਿਆਰਥੀ ਡਾਕਟਰੇਟ ਕਰਕੇ ਭਾਰਤ ਦੇ ਮੋਢੀ ਵਿਗਿਆਨੀ ਬਣੇ। ਮੌਸਮ ਵਿਗਿਆਨ ਵਿਭਾਗ ਵਿਚ ਅੱਧੀ ਦਜਨ ਵਿਗਿਆਨੀ ਉਸ ਦੇ ਵਿਦਿਆਰਥੀ ਰਹੇ ਸਨ। ਖੇਤੀਬਾੜੀ ਵਿਚ ਮੌਸਮ ਵਿਗਿਆਨ ਦੀ ਵਰਤੋਂ ਐਫ. ਏ. ਰਾਮਦਾਸ ਨੇ ਸ਼ੁਰੂ ਕੀਤੀ ਸੀ। ਲਗਭਗ ਇਕ ਦਰਜਨ ਵਿਗਿਆਨੀਆਂ ਨੇ ਜੀਵਨ ਅਤੇ ਖੋਜਾਂ ਬਾਰੇ ਰਾਜਿੰਦਰ ਨੇ ਪੁਸਤਕਾਂ ਛਾਪੀਆਂ ਹਨ।

ਮਹਾਤਮਾ ਗਾਂਧੀ ਬਾਰੇ ਰਾਜਿੰਦਰ ਨੇ ਚਾਰ ਪੁਸਤਕਾਂ ਲਿਖੀਆਂ ਹਨ। ਅਮਨ ਦਾ ਮਸੀਹਾ ਨੋਬਲ ਪੁਰਸਕਾਰ ਤੋਂ ਕਿਉਂ ਵਾਂਝਾ ਰਹਿ ਗਿਆ। ਇਸ ਦਾ ਭੇਦ ਰਾਜਿੰਦਰ ਸਿੰਘ ਨੇ ਖੋਲ੍ਹਿਆ ਹੈ। ਉਸ ਨੇ ਨੋਬਲ ਸੰਸਥਾ ਦੇ ਸਾਰੇ ਰਿਕਾਰਡ ਫਰੋਲੇ ਤਾਂ ਪਤਾ ਲੱਗਾ ਕਿ ਮਹਾਤਮਾ ਗਾਂਧੀ ਨੂੰ ਨੋਮੀਨੇਟ ਕਰਨ ਵਾਲੇ ਵਿਦੇਸ਼ੀ ਲੋਕ ਸਨ ਪਰੰਤੂ ਨਹਿਰੂ ਸਮੇਤ ਕਿਸੇ ਭਾਰਤ ਨੇ ਉਸ ਦਾ ਨਾਮ ਤਹਿ ਦਿੱਲੋਂ ਹੁੱਬ ਕੇ ਨੋਮੀਨੇਟ ਨਹੀਂ ਕੀਤਾ। ਐਵੇਂ ਖਾਨਾਪੂਰਤੀ ਕਰਨ ਲਈ ਗਾਂਧੀ ਦਾ ਨਾਮ ਤਜ਼ਵੀਜ਼ ਕੀਤਾ ਗਿਆ ਸੀ ਜਿਸ ਕਰਕੇ ਗਾਂਧੀ ਜੀ ਦੀ ਨੋਮੀਨੇਸ਼ਨ ਰੱਦ ਹੁੰਦੀ ਰਹੀ।

ਨੋਬਲ-ਪੁਰਸਕਾਰਾਂ ਲਈ ਨਾਮ ਤਜ਼ਵੀਜ਼ ਕਰਨਾ ਵੀ ਇਕ ਵੱਡਾ ਸਨਮਾਨ ਮੰਨਿਆ ਜਾਂਦਾ ਹੈ। ਭਾਰਤ ਵਿਚੋਂ ਇਹ ਸਨਮਾਨ ਲਗਭਗ ਇਕ ਦਰਜਨ ਵਿਗਿਆਨੀਆਂ ਨੂੰ ਹੀ ਮਿਲਿਆ ਹੈ। ਸਾਡੇ ਲਈ ਮਾਨ ਦੀ ਗੱਲ ਹੈ ਕਿ ਪ੍ਰੋ. ਬਾਵਾ ਕਰਤਾਰ ਸਿੰਘ ਪਹਿਲੇ ਅਤੇ ਆਖਰੀ ਸਿੱਖ ਸਨ ਜਿਨ੍ਹਾਂ ਨੇ ਕੈਮਿਸਟਰੀ ਦੇ ਵਿਸ਼ੇ ਵਿਚ ਨੋਬਲ ਪੁਰਸਕਾਰ ਲਈ ਨਾਮ ਭੇਜੇ ਬੜੇ ਅਫਸੋਸ ਦੀ ਗੱਲ ਹੈ ਕਿ ਅਜੇ ਤੱਕ ਕਿਸੇ ਸਿੱਖ ਵਿਗਿਆਨੀ ਨੂੰ ਨੋਬਲ ਨਹੀਂ ਮਿਲਿਆ। ਨਰਿੰਦਰ ਸਿੰਘ ਕਪਾਨੀ ਪਾਈਬਲ ਆਪਟਿਕਸ ਦੇ ਖੇਤਰ ਵਿਚ ਇਸ ਇਨਾਮ ਦੇ ਹੱਕਦਾਰ ਸਨ ਪਰੰਤੂ ਇਹ ਇਨਾਮ ਇਕ ਚੀਨੀ ਵਿਗਿਆਨੀ ਨੂੰ ਮਿਲ ਗਿਆ।

ਰਾਜਿੰਦਰ ਸਿੰਘ ਦੀਆਂ ਚਾਰ ਪੁਸਤਕਾਂ ਨੋਬਲ ਪੁਰਸਕਾਰਾਂ ਦੀਆਂ ਗੁੰਝਲਾਂ ਅਤੇ ਬਾਰੀਕੀਆਂ ਬਾਰੇ ਛਪੀਆਂ ਹਨ। ਭਾਰਤ ਵਿਚ ਚਾਰ ਨੋਬਲ ਪੁਰਸਕਾਰ ਅਮਨ ਦੇ ਖੇਤਰ ਵਿਚ ਮਿਲੇ ਹਨ, ਜਿਸ ਵਿਚ ਦਲਾਈਲਾਮਾ ਅਤੇ ਮਦਰ ਟਰੇਸਾ, ਦੋ ਮਹਾਨ ਹਸਤੀਆਂ ਸ਼ਾਮਿਲ ਹਨ। ਅਫਸੋਸ ਹੈ ਕਿ ਮਹਾਤਮਾ ਗਾਂਧੀ ਇਸ ਤੋਂ ਵਾਂਝਿਆ ਰਹਿ ਗਿਆ। ਅਰਥ ਸ਼ਾਸਤਰ ਵਿਚ ਨੋਬਲ ਪੁਰਸਕਾਰ ਅੰਮ੍ਰਿਤਾ ਸੈਨ ਨੂੰ ਮਿਲ ਚੁੱਕਾ ਹੈ ਅਤੇ ਸਹਿਤ ਦੇ ਖੇਤਰ ਵਿਚ ਕੇਵਲ ਰਾਬਿੰਦਰ ਨਾਥ ਟੈਗੋਰ।

ਰਾਜਿੰਦਰ ਦਾ ਕਹਿਣਾ ਹੈ ਕਿ ਉਸ ਨੇ ਅਣਗੌਲੇ ਵਿਗਿਆਨੀਆਂ ਦੇ ਜੀਵਨ ਅਤੇ ਖੋਜਾਂ ਬਾਰੇ ਪੁਸਤਕਾਂ ਲਿਖੀਆਂ ਹਨ ਤਾਂ ਕਿ ਸਾਡੇ ਵਿਦਿਆਰਥੀ ਸਮਝ ਸਕਣ ਕਿ ਵਿਗਿਆਨ ਦੇ ਮੋਢੀ ਹੋਰ ਵੀ ਭਾਰਤੀ ਵਿਗਿਆਨੀ ਰਹੇ ਹਨ। ਉਸ ਨੇ ਤਿੰਨ ਭਾਰਤੀ ਵਿਗਿਆਨੀ ਨਾਰੀਆਂ ਬਾਰੇ ਵੀ ਖੋਜ ਕੀਤੀ ਹੈ। ਜਿਨ੍ਹਾਂ ਵਿਚ ਬੀਵਾ ਚੌਧਰੀ ਕਲਕੱਤਾ ਯੂਨੀਵਰਸਿਟੀ ਦੀ ਤਾਂ ਨੋਬਲ ਪੁਰਸਕਾਰ ਦੀ ਹੱਕਦਾਰ ਬਣ ਚੁੱਕੀ ਸੀ। ਨੋਬਲ ਪੁਰਸਕਾਰ ਦੀਆਂ ਯੁੰਤਰਬਾਜ਼ੀਆਂ ਤੋਂ ਰਾਜਿੰਦਰ ਨੇ ਸਾਨੂੰ ਜਾਣੂ ਕਰਵਾਇਆ ਹੈ। ਹੁਣ ਤੱਕ ਉਸ ਦੀਆਂ 45 ਪੁਸਤਕਾਂ ਚੱਪ ਚੁੱਕੀਆਂ ਹਨ ਅਤੇ 150 ਦੇ ਕਰੀਬ ਹੋਰ ਖੋਜ ਪੱਤਰ। ਇਸ ਸਾਲ ਉਹ ਸਕੂਲ ਦੀ ਨੌਕਰੀ ਤੋਂ ਰਿਟਾਇਰ ਹੋ ਰਿਹਾ ਹੈ। ਜੇਕਰ ਇਸੇ ਰਫ਼ਤਾਰ ਨਾਲ ਉਹ ਵਿਗਿਆਨ ਅਤੇ ਵਿਗਿਆਨੀਆਂ ਦੇ ਇਤਿਹਾਸ ਬਾਰੇ ਖੋਜ ਕਰਦਾ ਰਿਹਾ ਤਾਂ ਜਲਦੀ ਹੀ ਇਕ ਸੈਂਚਰੀ ਬਣਾ ਲਵੇਗਾ ਜੋ ਦੁਨੀਆਂ ਦੇ ਇਤਿਹਾਸ ਵਿਚ ਇਕ ਕਰਿਸ਼ਮਾ ਹੋਵੇਗਾ।

ਭਾਵੇਂ ਕੋਈ ਪੰਜਾਬੀ ਵਿਗਿਆਨੀ ਪੰਜਾਬ ਦੀ ਧਰਤੀ ਤੇ ਵਿਚਰਦਾ ਹੋਇਆ ਨੋਬਲ ਪੁਰਸਕਾਰ ਨਹੀਂ ਜਿੱਤ ਸਕਿਆ ਪਰ ਡਾ. ਰਾਜਿੰਦਰ ਸਿੰਘ ਨੇ ਭਾਰਤੀ ਵਿਗਿਆਨੀਆਂ ਉੱਪਰ ਖੋਜ ਕਰਕੇ ਵਿਗਿਆਨ ਦੇ ਇਤਿਹਾਸ ਵਿਚ ਇਕ ਨਵਾਂ ਮੀਲ ਪੱਥਰ ਗੱਡ ਦਿੱਤਾ ਹੈ। ਕਲਕੱਤੇ ਦੇ ਵਿਗਿਆਨੀਆਂ ਬਾਰੇ ਦੋ ਦਰਜਨ ਤੋਂ ਵੱਧ ਪੁਸਤਕਾਂ ਲਿਖ ਕੇ ਉਸ ਨੇ ਬੰਗਾਲੀਆਂ ਦੇ ਦਿਲਾਂ ਵਿਚ ਆਪਣਾ ਨਿਵੇਕਲਾ ਸਥਾਨ ਬਣਾ ਰੱਖਿਆ ਹੈ। ਮੇਰੀ ਅਤੇ ਪੰਜਾਬ ਯੂਨੀਵਰਸਿਟੀ ਦੇ ਭੂਤਪੂਰਵ ਵੀ. ਸੀ. ਪ੍ਰੋ. ਗਰੋਵਰ ਦੀ ਪ੍ਰੇਰਨਾ ਸਦਕਾ ਹੁਣ ਉਸ ਦਾ ਰੁਝਾਨ ਪੰਜਾਬ ਦੇ ਭੌਤਿਕ ਵਿਗਿਆਨੀਆਂ ਵੱਲ ਹੋਇਆ ਹੈ, ਜਿਸ ਕਰਕੇ ਬੀ. ਐਮ. ਅਨੰਦ ਅਤੇ ਸੁਮਨ ਬਾਲਾ ਬੇਰੀ ਦੀਆਂ ਖੋਜਾਂ ਬਾਰੇ ਦੋ ਪੁਸਤਕਾਂ ਛਪ ਚੁੱਕੀਆਂ ਹਨ।

---

# ...ਤਾਂ ਕਿ ਜੁੱਤੀਆਂ ਲਾਹੁਣ ਸਮੇਂ ਨੱਕ ਨਾ ਘੁੱਟਣਾ ਪਵੇ





ਪੈਰਾਂ ਤੋਂ ਬਦਬੂ ਆਉਣਾ ਇਕ ਆਮ ਸਮੱਸਿਆ ਹੈ। ਰੋਜ਼ ਇਕ ਹੀ ਜੁੱਤੀ ਪਾਉਣਾ, ਜੁਰਾਬਾਂ ਨੂੰ ਰੋਜ਼ ਨਾ ਬਦਲਣਾ, ਸਿੰਥੈਟਿਕ ਜੁਰਾਬਾਂ ਜਾਂ ਕਈ ਹੋਰ ਕਾਰਨਾਂ ਨਾਲ ਪੈਰਾਂ ਦੀ ਬਦਬੂ ਇਕ ਵੱਡੀ ਸਮੱਸਿਆ ਬਣ ਜਾਂਦੀ ਹੈ। ਪੈਰਾਂ ਵਿਚ ਪਸੀਨਾ ਆਉਣ 'ਤੇ ਨਮੀ ਅਤੇ ਗਰਮੀ ਨਾਲ ਚਮੜੀ ਦਾ ਸਪਰਸ਼ ਪਾਉਂਦੇ ਹੀ ਬੈਕਟੀਰੀਆ ਪੈਦਾ ਹੋ ਜਾਂਦੇ ਹਨ। ਪਸੀਨੇ ਤੋਂ ਪੈਦਾ ਹੋਣ ਵਾਲੇ ਬੈਕਟੀਰੀਆ ਅਤੇ ਚਮੜੀ ਦੀ ਮੁਰਦਾ ਕੋਸ਼ਿਕਾਵਾਂ ਦੇ ਕਾਰਨ ਪੈਰਾਂ 'ਚੋਂ ਬਦਬੂ ਆਉਂਦੀ ਹੈ। ਸਰਦੀਆਂ ਵਿਚ ਮੋਟੀਆਂ ਜੁਰਾਬਾਂ ਕਾਰਨ ਪੈਰਾਂ ਤੋਂ ਪਸੀਨਾ ਆਉਣ ਦੇ ਬਾਵਜੂਦ ਕਈ ਲੋਕ ਰੋਜ਼ ਜੁਰਾਬਾਂ ਨਹੀਂ ਬਦਲਦੇ। ਬੰਦ ਜੁੱਤੀਆਂ ਵਿਚ ਲੰਮੇ ਸਮੇਂ ਤੱਕ ਨਮੀ ਬਣੀ ਰਹਿਣ ਕਾਰਨ ਵੀ ਪੈਰਾਂ ਤੋਂ ਬਦਬੂ ਆਉਂਦੀ ਹੈ। ਇਸ ਲਈ ਇਕ ਹੀ ਜੁੱਤੀ ਰੋਜ਼ ਨਹੀਂ ਪਾਉਣੀ ਚਾਹੀਦੀ। ਹਾਲਾਂਕਿ ਇਹ ਜ਼ਰੂਰੀ ਨਹੀਂ ਕਿ ਸਭ ਦੇ ਕੋਲ ਰੋਜ਼ ਪਾਉਣ ਲਈ ਜ਼ਿਆਦਾ ਜੁੱਤੀਆਂ ਵੱਖ-ਵੱਖ ਹੋਣ। ਜੇਕਰ ਤੁਸੀਂ ਆਪਣੀ ਨੌਕਰੀ ਅਨੁਸਾਰ ਜੁੱਤੀਆਂ ਪਾਉਂਦੇ ਹੋ ਤਾਂ ਪੈਰਾਂ ਦੀ ਸਫ਼ਾਈ ਰੱਖਣਾ ਜ਼ਿਆਦਾ ਜ਼ਰੂਰੀ ਹੈ। ਜੁੱਤੀਆਂ ਪਾਉਣ ਤੋਂ ਪਹਿਲਾਂ ਪੈਰਾਂ ਨੂੰ ਸਾਫ਼ ਕਰਨ ਲਈ ਪਿਊਮਿਕ ਸਟੋਨ ਨਾਲ ਰਗੜੋ ਤਾਂ ਕਿ ਚਮੜੀ ਦੀ ਮੁਰਦਾ ਕੋਸ਼ਿਕਾਵਾਂ ਪੈਰਾਂ ਤੋਂ ਲਹਿ ਜਾਣ।

ਕੰਮ ਦਾ ਜ਼ਿਆਦਾ ਦਬਾਅ ਜਾਂ ਤਣਾਅ ਵੀ ਜ਼ਿਆਦਾ ਪਸੀਨੇ ਦੀ ਵਜ੍ਹਾ ਬਣਦਾ ਹੈ। ਇਸ ਲਈ ਜੁਰਾਬਾਂ ਰੋਜ਼ ਬਦਲਣੀਆਂ ਚਾਹੀਦੀਆਂ। ਪੈਰਾਂ ਵਿਚ ਫੰਗਸ ਹੋਣ 'ਤੇ ਵੀ ਪਸੀਨਾ ਜ਼ਿਆਦਾ ਆਉਂਦਾ ਹੈ, ਇਸ ਤਰ੍ਹਾਂ ਅਕਸਰ ਰੋਜ਼ ਜਿੰਮ ਜਾਣ ਵਾਲੇ ਜਾਂ ਅਥਲੀਟਾਂ ਦੇ ਨਾਲ ਹੁੰਦਾ ਹੈ। ਪੈਰਾਂ ਦੀਆਂ ਉਂਗਲੀਆਂ ਵਿਚ ਖਾਰਸ਼ ਹੁੰਦੀ ਹੈ, ਇਸ ਲਈ ਐਂਟੀ ਫੰਗਲ ਕ੍ਰੀਮ ਦੀ ਵਰਤੋਂ ਕੀਤੀ ਜਾਂਦੀ ਹੈ। ਕ੍ਰੀਮ ਨੂੰ ਪੈਰਾਂ ਦੇ ਕਿਨਾਰੇ ਅਤੇ ਹੇਠਾਂ ਲਗਾਓ। ਉਂਗਲੀਆਂ ਵਿਚਾਲੇ ਵਿਚ ਐਂਟੀ ਫੰਗਲ ਪਾਊਡਰ ਲਗਾਉਣਾ ਚਾਹੀਦਾ। ਪੈਰਾਂ ਦੀ ਬਦਬੂ ਹਟਾਉਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ, ਆਓ ਜਾਣੀਏ :-

**ਚਾਹ** : ਚਾਹ ਵਿਚ ਇਕ ਇਸ ਤਰ੍ਹਾਂ ਦਾ ਐਸਿਡ ਪਾਇਆ ਜਾਂਦਾ ਹੈ ਜੋ ਸਾਡੀਆਂ ਸਵੇਦ ਗ੍ਰੰਥੀਆਂ ਨੂੰ ਬੰਦ ਕਰਦਾ ਹੈ, ਇਹ ਇਕ ਕੁਦਰਤੀ ਐਂਟੀਬਾਇਓਟਿਕ ਹੈ, ਜੋ ਬੈਕਟੀਰੀਆ ਨੂੰ ਖ਼ਤਮ ਕਰਦਾ ਹੈ। ਥੋੜ੍ਹੇ ਜਿਹੇ ਪਾਣੀ ਵਿਚ ਦੋ ਟੀ-ਬੈਗ ਪਾ ਕੇ 15 ਮਿੰਟ ਤੱਕ ਰੱਖੋ ਅਤੇ ਉਸ ਵਿਚ ਥੋੜ੍ਹਾ ਠੰਢਾ ਪਾਣੀ ਪਾ ਕੇ ਘੱਟ ਤੋਂ ਘੱਟ 20 ਮਿੰਟ ਤੱਕ ਜਾਂ ਅੱਧੇ ਘੰਟੇ ਤੱਕ ਪੈਰਾਂ ਨੂੰ ਉਸ ਵਿਚ ਡੁਬੋ ਕੇ ਰੱਖੋ। ਇਸ ਨੂੰ ਇਕ ਹਫ਼ਤਾ ਰੋਜ਼ ਕਰੋ।

**ਸਿਰਕਾ** : ਦੋ ਵੱਡੇ ਮੱਗ ਪਾਣੀ ਵਿਚ ਇਕ ਮੱਗ ਸਿਰਕਾ ਪਾ ਕੇ ਰੱਖੋ। ਇਸ ਪਾਣੀ ਵਿਚ ਆਪਣੇ ਪੈਰਾਂ ਨੂੰ 15 ਮਿੰਟ ਤੱਕ ਪਾ ਕੇ ਰੱਖੋ।

**ਅਲਕੋਹਲ** : ਜੇਕਰ ਤੁਹਾਡੇ ਪੈਰਾਂ ਤੋਂ ਬਦਬੂ ਆ ਰਹੀ ਹੈ ਤਾਂ ਥੋੜ੍ਹੀ ਅਲਕੋਹਲ ਦੀ ਵਰਤੋਂ ਕਰੋ। ਆਪਣੇ ਪੈਰਾਂ ਨੂੰ ਧੋਵੋ, ਸੁਕਾਓ ਅਤੇ ਅਲਕੋਹਲ ਵਿਚ ਰੂੰ ਭਿਉਂ ਕੇ ਪੈਰਾਂ 'ਤੇ ਲਗਾਓ। ਇਸ ਤਰ੍ਹਾਂ ਦੋ ਦਿਨ ਦੁਹਰਾਓ। ਅਲਕੋਹਲ ਤੁਸੀਂ ਆਪਣੀ ਪਸੰਦ ਦੀ ਲੈ ਸਕਦੇ ਹੋ, ਪਰ ਬੀਅਰ ਨਾ ਲਓ।

**ਮਾਊਥ ਵਾਸ਼** : ਥੋੜ੍ਹਾ ਮਾਊਥ ਵਾਸ਼ ਪਾਣੀ ਵਿਚ ਮਿਲਾ ਕੇ ਰੱਖੋ ਅਤੇ ਇਸ ਵਿਚ 20 ਮਿੰਟ ਤੱਕ ਪੈਰਾਂ ਨੂੰ ਡੁਬੋ ਕੇ ਰੱਖੋ।

**ਪਾਊਡਰ** : ਸੁੱਕੇ ਪਾਊਡਰ ਦੀ ਵਰਤੋਂ ਪੈਰਾਂ ਦੀ ਬਦਬੂ ਤੋਂ ਛੁਟਕਾਰਾ ਪਾਉਣ ਲਈ ਕੀਤੀ ਜਾ ਸਕਦੀ ਹੈ। ਜੁਰਾਬਾਂ ਪਾਉਣ ਤੋਂ ਪਹਿਲਾਂ ਪੈਰਾਂ 'ਤੇ ਇਸ ਨੂੰ ਲਗਾਉਣ ਤੋਂ ਬਾਅਦ ਹੀ ਜੁਰਾਬਾਂ ਪਾਓ।

## ਕਾਵਿ-ਗੁਲਜ਼ਾਰ

# ਜ਼ਿੰਦਗੀ ਨੂੰ ਜਿਉਣ ਜੋਗੀ ਬਣਾਉਣ ਦੀ ਤੀਬਰ ਅਭਿਲਾਸ਼ਾ ਵਾਲਾ ਸ਼ਾਇਰ-ਹਰਦਮ ਮਾਨ

### ਗ਼ਜ਼ਲ

ਭੀੜ ਕਿੱਧਰ ਜਾ ਰਹੀ ਚੁੱਪਚਾਪ ਹਲਚਲ ਤੋਂ ਬਗ਼ੈਰ
ਰਹਿਣਗੇ ਇਹ ਬਿਰਖ ਕਿਹੜੇ ਦੇਸ਼ ਜੰਗਲ ਤੋਂ ਬਗ਼ੈਰ

ਸ਼ੂਕਦੇ ਤੂਫ਼ਾਨ ਹਰ ਵੇਲੇ ਹੀ ਰਹਿੰਦੇ ਜਾਗਦੇ
ਕੋਈ ਵੀ ਸਾਗਰ ਕਦੇ ਹੁੰਦਾ ਨਾ ਭਵਜਲ ਤੋਂ ਬਗ਼ੈਰ

ਦੂਰ ਦੇ ਅੰਬਰ 'ਚ ਕੂੰਜਾਂ ਵਾਂਗ ਲੁਕ ਲੁਕ ਰੋਂਦੀਆਂ
ਕੌਣ ਧੀਆਂ ਦਾ ਧਰਾਵੇ ਧੀਰ ਬਾਬਲ ਤੋਂ ਬਗ਼ੈਰ

ਦਿਨ ਦਾ ਰੌਲਾ ਦੱਬ ਕੇ ਸੀਨੇ ਪਰਤਦੇ ਹਾਂ ਘਰ ਅਸੀਂ
ਜਿਸ ਤਰ੍ਹਾਂ ਥੱਕੀ ਨਦੀ ਵਗਦੀ ਹੈ ਕਲਕਲ ਤੋਂ ਬਗ਼ੈਰ

ਤੜਪਦੇ ਅੱਖਰ ਖ਼ਤਾਂ ਦੇ ਹਾਲ ਅਸਲੀ ਦੱਸ ਰਹੇ
ਉਂਜ ਤਾਂ ਲਿਖਿਆ ਨਹੀਂ ਕੁਝ ਕੁਸ਼ਲ ਮੰਗਲ ਤੋਂ ਬਗ਼ੈਰ

ਇਸ ਦੀ ਗਹਿਰਾਈ ਮਿਣੋਗੇ ਕਿਸ ਤਰ੍ਹਾਂ ਛੱਡੋ ਪਰ੍ਹਾਂ
ਦੋਸਤੋ ਦਿਲ ਹੈ ਸਮੁੰਦਰ ਪਰ ਕਿਸੇ ਤਲ ਤੋਂ ਬਗ਼ੈਰ

### ਗ਼ਜ਼ਲ

ਜੇ ਅੱਖਾਂ ਖੋਲ੍ਹ ਕੇ ਚੱਲੋ ਤਾਂ ਸ਼ਾਇਦ ਪਰਤ ਆਓਗੇ
ਨਹੀਂ ਤਾਂ ਉਡਦਿਆਂ ਪੱਥਰਾਂ ਦੀ ਜ਼ੱਦ ਵਿਚ ਆ ਹੀ ਜਾਓਗੇ

ਕਿਨਾਰੇ ਤੋੜ ਕੇ, ਗਲੀਆਂ, ਘਰਾਂ ਵਿਚ ਆ ਗਿਆ ਪਾਣੀ
ਨਦੀ ਦੇ ਵਹਿਣ ਵਿਚ ਖ਼ੁਦ ਨੂੰ ਕਿਵੇਂ ਡੁੱਬਣੋਂ ਬਚਾਓਗੇ

ਘਰਾਂ ਤੋਂ ਰਸਤਿਆਂ ਤਕ ਫੈਲਿਆ ਸੈਲਾਬ ਅੱਗਾਂ ਦਾ
ਤੁਸੀਂ ਇਸ ਤਪਸ਼ ਅੰਦਰ ਪੈਰ ਕਿਹੜੀ ਥਾਂ ਟਿਕਾਓਗੇ

ਸਵੇਰੇ ਘਰ ਤੋਂ ਨਿਕਲੋਗੇ ਕਿਸੇ ਜਰਨੈਲ ਦੇ ਵਾਂਗੂ
ਤੇ ਸ਼ਾਮੀਂ ਦੋਸ਼ੀਆਂ ਦੇ ਵਾਂਗ ਦੇਹਲੀ ਪੈਰ ਪਾਓਗੇ

ਤੁਸੀਂ ਖ਼ੁਦ ਆਪਣੀਆਂ ਨਜ਼ਰਾਂ 'ਚ ਉੱਚੇ ਹੋਰ ਹੋ ਜਾਣਾ
ਕਿਸੇ ਡਿੱਗੇ ਨੂੰ ਬਾਹੋਂ ਪਕੜ ਕੇ ਜਦ ਵੀ ਉਠਾਓਗੇ

### ਗ਼ਜ਼ਲ

ਖੋਲ੍ਹ ਕੇ ਬਾਰੀ ਤੁਸੀਂ ਕੀ ਦੇਖਦੇ ਰਹਿੰਦੇ ਸਦਾ
ਵਹਿਣ ਤਾਂ ਤੇਰਾਂ ਤੋਂ ਦੂਰੀ ਸਿਰਜ ਕੇ ਵਹਿੰਦੇ ਸਦਾ

ਗਲਤ ਹਾਂ ਆਪਾਂ ਤੇ ਹਉਮੈ ਓਸ ਦੀ ਅੱਜ ਠੀਕ ਹੈ
ਇਹ ਵੀ ਸੱਚ ਹੈ ਕਿ ਕਿਲੇ ਹੰਕਾਰ ਦੇ ਢਹਿੰਦੇ ਸਦਾ

ਸ਼ਹਿਰ ਦੇ ਦਸਤੂਰ ਨੂੰ ਉਹ ਲੋਕ ਨਾ-ਮਨਜ਼ੂਰ ਨੇ
ਰਾਤ ਨੂੰ ਜੋ ਰਾਤ ਕਹਿੰਦੇ, ਦਿਨ ਨੂੰ ਦਿਨ ਕਹਿੰਦੇ ਸਦਾ

ਕਹਿਰ ਦਾ ਮੌਸਮ ਬਦਲ ਜਾਏਗਾ ਇਕ ਦਿਨ ਲਾਜ਼ਮੀ
ਚੜ੍ਹਦੇ ਸੂਰਜ ਵੀ ਤਾਂ ਸ਼ਾਮਾਂ ਪੈਣ 'ਤੇ ਲਹਿੰਦੇ ਸਦਾ



**ਹਰਦਮ ਮਾਨ, ਸਰੀ (ਕੈਨੇਡਾ)**
+1-604-308-6663

ਇਕ ਨਾ ਇਕ ਦਿਨ ਤੋੜ ਦਿੰਦੇ ਨੇ ਫਸੀਲਾਂ ਉੱਚੀਆਂ
ਲੋਕ ਉੱਠ ਖੜ੍ਹਦੇ ਨੇ ਆਖਰ ਜ਼ੁਲਮ ਨਾ ਸਹਿੰਦੇ ਸਦਾ

ਨ੍ਹੇਰ ਹੈ ਉਹਨਾਂ ਦੇ ਅੰਦਰ ਮੈਂ ਬੜਾ ਹੈਰਾਨ ਹਾਂ
'ਮਾਨ' ਜਗਦੇ ਦੀਵਿਆਂ ਦੇ ਕੋਲ ਜੋ ਬਹਿੰਦੇ ਸਦਾ

### ਗ਼ਜ਼ਲ

ਸਜ਼ਾ ਪੂਰੀ ਜਦੋਂ ਹੋਏਗੀ ਅਣਕੀਤੇ ਗੁਨਾਹਾਂ ਦੀ
ਉਦੋਂ ਰਹਿਣੀ ਨਹੀਂ ਪਹਿਚਾਣ ਆਪਣੇ ਘਰ ਦੇ ਰਾਹਾਂ ਦੀ

ਕਿਸੇ ਇਕ ਨੇ ਵੀ ਮੁਜਰਿਮ ਦੀ ਸ਼ਨਾਖਤ ਹੀ ਨਹੀਂ ਕੀਤੀ
ਖੜ੍ਹੀ ਕੀਤੀ ਸੀ ਭਾਵੇਂ ਫੌਜ ਮੌਕੇ ਦੇ ਗਵਾਹਾਂ ਦੀ

ਕਿਨਾਰੇ 'ਤੇ ਉਡੀਕਣ ਵਾਲਿਆਂ ਦੀ ਭੀੜ ਆ ਲੱਗੀ
ਬੜੀ ਮੱਧਮ ਜਿਹੀ ਆਵਾਜ਼ ਸੁਣਦੀ ਹੈ ਮਲਾਹਾਂ ਦੀ

ਉਹ ਸ਼ਹਿਰਾਂ, ਜੰਗਲਾਂ, ਜੇਲ੍ਹਾਂ ਚ ਵੀ ਆਜ਼ਾਦ ਰਹਿੰਦੇ ਨੇ
ਫ਼ਕੀਰਾਂ ਤੇ ਨਹੀਂ ਚਲਦੀ ਹਕੂਮਤ ਸ਼ਹਿਨਸ਼ਾਹਾਂ ਦੀ

ਅਜੇ ਤਾਂ ਬਹੁਤ ਕੁਝ ਰਹਿੰਦਾ ਹੈ ਤੈਅ ਕਰਨਾ ਜ਼ਮੀਨ ਉੱਤੇ
ਕਰਾਂਗੇ ਫੇਰ ਕੋਈ ਗੱਲ ਦਿਸਦੇ ਤੋਂ ਅਗਾਹਾਂ ਦੀ

ਅਸਾਡੇ ਰਸਿਤਆਂ 'ਚੋਂ ਖ਼ੁਦ ਪਹਾੜਾਂ ਨੇ ਪਰ੍ਹੇ ਹੋਣਾ
ਜਦੋਂ ਵੀ ਜੁੜ ਗਈ ਸ਼ਕਤੀ ਇਨ੍ਹਾਂ ਬੇਜੋੜ ਬਾਹਾਂ ਦੀ

### ਗ਼ਜ਼ਲ

ਪੱਥਰ ਅੱਗੇ ਸੀਸ ਨਿਵਾਉਣਾ ਆਉਂਦਾ ਨਈਂ।
ਲੋਕਾਂ ਭਾਣੇ ਰੱਬ ਧਿਆਉਣਾ ਆਉਂਦਾ ਨਈਂ।

ਉਸ ਨੇ ਫੁੱਲਾਂ ਵਾਂਗੂੰ ਕਾਹਦਾ ਖਿੜਣਾ ਹੈ,
ਕੰਡਿਆਂ ਨੂੰ ਤਾਂ ਗਲੇ ਲਗਾਉਣਾ ਆਉਂਦਾ ਨਈਂ।

ਤੇਰੇ ਤਮਗੇ ਹੋਣ ਮੁਬਾਰਕ ਤੈਨੂੰ ਹੀ,
ਸਾਨੂੰ ਸ਼ਾਹੀ-ਰਾਗ 'ਚ ਗਾਉਣਾ ਆਉਂਦਾ ਨਈਂ।


ਸਾਰੇ ਵੇਦ ਕਤੇਬਾਂ ਪੜ੍ਹ ਪੜ੍ਹ ਵਾਚ ਲਏ
ਦਿਲ ਤੇ ਲਿਖਿਆ ਹਰਫ਼ ਉਠਾਉਣਾ ਆਉਂਦਾ ਨਈਂ।

ਮਾਲ ਖਜ਼ਾਨੇ ਸਾਂਭ ਲਏ ਕੁੱਲ ਧਰਤੀ ਦੇ
ਪਰ ਮਿੱਟੀ ਦਾ ਕਰਜ਼ ਚੁਕਾਉਣਾ ਆਉਂਦਾ ਨਈਂ।

ਸਿੱਖ ਲਿਆ ਰੁਸ਼ਨਾਉਣਾ ਕਾਲੀਆਂ ਰਾਤਾਂ ਨੂੰ
ਸੀਨੇ ਵਿਚ ਇਕ ਦੀਪ ਜਗਾਉਣਾ ਆਉਂਦਾ ਨਈਂ।

ਸਾਰੀ ਰਾਤ ਉਲਾਂਭੇ ਦੇਵਾਂ ਨੇਰ੍ਹੇ ਨੂੰ
ਸੂਰਜ ਦਾ ਕੁੰਡਾ ਖੜਕਾਉਣਾ ਆਉਂਦਾ ਨਈਂ।

ਲੋਕ-ਰੰਗ ਵਿਚ ਰੰਗੀ 'ਮਾਨ' ਗ਼ਜ਼ਲ ਤੇਰੀ,
ਤੈਨੂੰ ਸ਼ਬਦੀ ਜਾਲ ਵਿਛਾਉਣਾ ਆਉਂਦਾ ਨਈਂ।



## ਪੈਸਾ ਸਮਾਂ ਸਕੂਨ



ਮਹਿੰਗੀਆਂ ਘੜੀਆਂ ਵਾਲਿਆਂ ਕੋਲ਼ੇ,
ਸਮਾਂ ਨਹੀਂ ਹੁੰਦਾ
ਮਿਲੀਅਨ ਡਾਲਰ ਹੁੰਦੇ ਆ ਪਰ,
ਲਮਹਾ ਨਹੀਂ ਹੁੰਦਾ

ਲੱਖ ਮਖਮਲੀ ਗੱਦਿਆਂ ਉੱਤੇ
ਸੌਂਦੇ ਹੋਵਣਗੇ
ਫ਼ੁਰਸਤ ਨੀਂਦ ਸਕੂਨ ਉਹਨਾਂ ਕੋਲ,
ਜਮਾ ਨਹੀਂ ਹੁੰਦਾ

ਸਾਰੇ ਕਹਿੰਦੇ ਹੁੰਦੀ ਯਾਰੋ
ਆਈ ਚਲਾਈ ਆ
ਵਿਚ ਕਨੇਡਾ ਪੈਸਾ ਕਦੇ ਵੀ,
ਜਮ੍ਹਾ ਨਹੀਂ ਹੁੰਦਾ

ਵੱਡੇ ਬੰਦੇ ਘਰ ਨੀ ਬਹਿੰਦੇ,
ਵੱਡੇ ਘਰ ਪਾ ਕੇ
ਭਾਵੇਂ ਉਹਨਾਂ ਨੂੰ ਘਰ ਵਿਚ ਆਉਣਾ,
ਮਨ੍ਹਾ ਨਹੀਂ ਹੁੰਦਾ

ਪੈਸੇ ਦੇ ਪਰਛਾਵੇਂ ਪਿੱਛੇ
ਭੱਜਾ ਫਿਰਦਾ ਆ
ਜਦ ਤੱਕ ਬੰਦਾ ਕਬਰਾਂ ਵਿਚ,
ਫਨਾਹ ਨਹੀਂ ਹੁੰਦਾ

ਪਿਆਰ ਮੁਹੱਬਤ ਪੈਸੇ ਦੇ ਨਾਲ,
ਮਨਫ਼ੀ ਹੋ ਸਕਦੇ
ਪੈਸੇ ਦੇ ਨਾਲ ਪਿਆਰ ਕਦੇ ਵੀ,
ਜਮ੍ਹਾ ਨਹੀਂ ਹੁੰਦਾ

ਉੱਚੇ ਉੱਚੇ ਰੁੱਖ ਕਦੇ ਵੀ
ਛਾਵਾਂ ਨਹੀਂ ਦਿੰਦੇ
ਡਾਣਸੀਵਾਲੀਆ ਸਿੰਬਲ ਦਾ ਰੁੱਖ,
ਘਣਾ ਨਹੀਂ ਹੁੰਦਾ

**ਕੁਲਵੀਰ ਸਿੰਘ ਡਾਨਸੀਵਾਲ**
778-863-2472

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM



Rakesh Puri
604-377-4085



Amarjit Singh
778-908-0523



Hardam S. Maan
604-308-6663



Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੈਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ, ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ.ਹੈ।
ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

****************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

****************

ਇੰਡੀਆ ਵਿਚ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", Msc, MCA ਲਈ ਇੰਡੀਆ ਵਿਚ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

****************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, **BCIT** ਤੋਂ 2 **YEARS IT DIPLOMA Holder**, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਇਚਇਨਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037
**talwanid@hotmial.ca**

****************

34 ਸਾਲਾਂ 5'-3" **M.A. B.Ed.** ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

****************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662, Email: dharam.sidhu@yahoo.com

****************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

****************

### ਲੜਕੀ ਦੀ ਲੋੜ

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਵ੍ਹ) ਜਾਂ ਸਿਟਿਜ਼ਨ ਲੜਕੀ ਦੀ ਲੋੜ।
ਸਪੰਰਕ:-778-903-0135

****************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ। ਸੰਪਰਕ: 604-809-3121

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ।ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

**ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085**

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com

**Phone: 604-366-6000**

**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", **MBA (Canada)**, ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।
ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ-604-339-2389

# ਭਾਰਤ-ਪਾਕਿਸਤਾਨ ਵੰਡ ਦੌਰਾਨ ਵੱਖ ਹੋਏ ਭਰਾ-ਭੈਣ ਦੁਬਾਰਾ ਮਿਲੇ

## ਸ੍ਰੀ ਕਰਤਾਰਪੁਰ ਸਾਹਿਬ ਲਾਂਘੇ 'ਤੇ 76 ਸਾਲ ਬਾਅਦ ਮਿਲਕੇ ਹੋਏ ਭਾਵੁਕ

ਗੁਰਦਾਸਪੁਰ-ਭਾਰਤ-ਪਾਕਿਸਤਾਨ ਵੰਡ ਦੌਰਾਨ ਵਿਛੜੇ ਹੋਏ ਕਰੀਬ 80 ਸਾਲਾ ਭੈਣ-ਭਰਾ 76 ਸਾਲਾਂ ਬਾਅਦ ਇਤਿਹਾਸਕ ਗਲਿਆਰੇ ਵਿੱਚ ਮਿਲੇ ਹਨ। ਮੁਹੰਮਦ ਇਸਮਾਈਲ ਅਤੇ ਉਸ ਦੀ ਚਚੇਰੀ ਭੈਣ ਸੁਰਿੰਦਰ ਕੌਰ ਲੰਬੇ ਸਮੇਂ ਬਾਅਦ ਇੱਕ ਦੂਜੇ ਨੂੰ ਮਿਲ ਕੇ ਭਾਵੁਕ ਹੋ ਗਏ। ਦੋਵਾਂ ਦੇ ਭਾਵੁਕ ਪੁਨਰ-ਮਿਲਨ ਨੂੰ ਦੇਖ ਕੇ ਮੌਕੇ 'ਤੇ ਮੌਜੂਦ ਹਰ ਕਿਸੇ ਦੀਆਂ ਅੱਖਾਂ 'ਚੋਂ ਅੱਥਰੂ ਆ ਗਏ। ਇਸ ਦੌਰਾਨ ਸ੍ਰੀ ਕਰਤਾਰਪੁਰ ਸਾਹਿਬ ਪ੍ਰਸ਼ਾਸਨ ਵੱਲੋਂ ਦੋਵਾਂ ਨੂੰ ਮਠਿਆਈਆਂ ਅਤੇ ਲੰਗਰ ਛਕਾਇਆ ਗਿਆ। ਦੱਸ ਦੇਈਏ ਕਿ ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ ਬਾਅਦ ਮੁਹੰਮਦ ਇਸਮਾਈਲ ਲਾਹੌਰ ਤੋਂ ਕਰੀਬ 200 ਕਿਲੋਮੀਟਰ ਦੂਰ ਪੰਜਾਬ ਦੇ ਸਾਹੀਵਾਲ ਜ਼ਿਲ੍ਹੇ ਵਿਚ ਰਹਿਣ ਲੱਗੇ ਸਨ। ਜਦੋਂਕਿ ਉਸ ਦੀ ਚਚੇਰੀ ਭੈਣ ਸੁਰਿੰਦਰ ਕੌਰ ਜਲੰਧਰ ਦੀ ਰਹਿਣ ਵਾਲੀ ਹੈ। ਵੰਡ ਤੋਂ ਪਹਿਲਾਂ ਦੋਵੇਂ ਪਰਿਵਾਰ ਜਲੰਧਰ ਦੇ ਸ਼ਾਹਕੋਟ ਸ਼ਹਿਰ ਵਿੱਚ ਰਹਿ ਰਹੇ ਸਨ। ਦੰਗਿਆਂ ਨੇ ਉਨ੍ਹਾਂ ਨੂੰ ਵੱਖ ਕਰ ਦਿੱਤਾ ਸੀ। ਇਕ ਪਾਕਿਸਤਾਨੀ ਪੰਜਾਬੀ ਯੂ-ਟਿਊਬ ਚੈਨਲ ਨੇ ਇਸਮਾਈਲ ਦੀ ਕਹਾਣੀ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ, ਜਿਸ ਤੋਂ ਬਾਅਦ ਆਸਟ੍ਰੇਲੀਆ ਦੇ ਮਿਸ਼ਨ ਸਿੰਘ ਨੇ ਉਨ੍ਹਾਂ ਨਾਲ ਸੰਪਰਕ ਕੀਤਾ। ਸਿੰਘ ਨੇ ਮੁਹੰਮਦ ਇਸਮਾਈਲ ਨੂੰ ਆਪਣੀ ਚਚੇਰੀ ਭੈਣ ਕੌਰ ਦਾ ਫੋਨ ਨੰਬਰ ਦਿੱਤਾ, ਜੋ ਭਾਰਤ ਵਿੱਚ ਲਾਪਤਾ ਸੀ। ਦੋਵਾਂ ਨੇ ਇੱਕ-ਦੂਜੇ ਨਾਲ ਫੋਨ 'ਤੇ ਗੱਲ ਕੀਤੀ, ਜਿਸ ਤੋਂ ਬਾਅਦ ਉਨ੍ਹਾਂ ਦੀ ਮੁਲਾਕਾਤ ਦਾ ਰਸਤਾ ਸਾਫ ਹੋ ਗਿਆ। ਦੋਹਾਂ ਨੇ ਕਰਤਾਰਪੁਰ ਲਾਂਘੇ 'ਤੇ ਮਿਲਣ ਦਾ ਫੈਸਲਾ ਕੀਤਾ।






# ਪਾਕਿਸਤਾਨ 'ਚ 10 ਦਿਨਾਂ 'ਚ 300 ਤੋਂ ਵੱਧ ਉਡਾਨਾਂ ਰੱਦ ਹੋਣ ਕਾਰਨ ਯਾਤਰੀ ਹੋ ਰਹੇ ਪ੍ਰੇਸ਼ਾਨ

ਇਸਲਾਮਾਬਾਦ-ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ ਤੇਲ ਦੀ ਅਣਉਪਲਬਤਾ ਅਤੇ ਵਿੱਤੀ ਸੰਕਟ ਕਾਰਨ ਬੰਦ ਹੋਣ ਦੀ



ਕਗਾਰ 'ਤੇ ਹੈ। ਦੇਸ਼ ਵਿਚ ਪਿਛਲੇ 10 ਦਿਨਾਂ ਵਿਚ 300 ਤੋਂ ਵੱਧ ਉਡਾਨਾਂ ਰੱਦ ਕਰ ਦਿੱਤੀਆਂ ਗਈਆਂ ਹਨ। ਇੱਕ ਬੁਲਾਰੇ ਨੇ ਇਸ ਦੀ ਪੁਸ਼ਟੀ ਕੀਤੀ ਹੈ। ਪਾਕਿਸਤਾਨ ਏਅਰਲਾਈਨ ਨੂੰ ਸ਼ਾਇਦ ਹੁਣ ਤੱਕ ਦੇ ਇਤਿਹਾਸ ਵਿਚ ਸਭ ਤੋਂ ਖ਼ਰਾਬ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਕਿਸਤਾਨ ਸਟੇਟ ਆਇਲ (ਪੀ.ਐੱਸ.ਓ.) ਨੇ ਬਕਾਇਆ ਰਾਸ਼ੀ ਦਾ ਭੁਗਤਾਨ ਨਾ ਕਰਨ 'ਤੇ ਈਂਧਣ ਦੀ ਸਪਲਾਈ ਵਿਚ ਕਟੌਤੀ ਕਰ ਦਿੱਤੀ ਹੈ। ਇਸ ਕਦਮ ਨਾਲ ਏਅਰਲਾਈਨ ਨੂੰ 14 ਅਕਤੂਬਰ ਤੋਂ ਅੰਤਰਰਾਸ਼ਟਰੀ ਮਾਰਗਾਂ 'ਤੇ 134 ਸਮੇਤ 322 ਉਡਾਨਾਂ ਰੱਦ ਕਰਨੀਆਂ ਪਈਆਂ ਹਨ। ਬੁਲਾਰੇ ਮੁਤਾਬਕ ਮੰਗਲਵਾਰ ਨੂੰ ਕੁੱਲ 51 ਉਡਾਨਾਂ ਰੱਦ ਕਰਨੀਆਂ ਪਈਆਂ ਸਨ। ਪਾਕਿਸਤਾਨ ਵਿਚ ਵੱਡੇ ਪੈਮਾਨੇ 'ਤੇ ਉਡਾਨਾਂ ਰੱਦ ਹੋਣ ਨਾਲ ਹਜ਼ਾਰਾਂ ਯਾਤਰੀਆਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਏਅਰਲਾਈਨ ਪ੍ਰਬੰਧਨ ਉਨ੍ਹਾਂ ਨੂੰ ਆਪਣੀਆਂ ਉਡਾਨਾਂ ਲਈ ਰਵਾਨਗੀ ਦਾ ਅਸਥਾਈ ਸਮਾਂ ਦੇਣ ਵਿਚ ਅਸਮਰਥ ਰਿਹਾ ਹੈ, ਜਿਸ ਨਾਲ ਉਨ੍ਹਾਂ ਨੂੰ ਹੋਰ ਏਅਰਲਾਈਨਾਂ ਵਿਚ ਸੀਟਾਂ ਦੀ ਭਾਲ ਕਰਨ ਲਈ ਮਜ਼ਬੂਰ ਹੋਣਾ ਪਿਆ ਹੈ। ਬੁਲਾਰੇ ਨੇ ਕਿਹਾ ਕਿ ਪ੍ਰਬੰਧਨ ਨੇ ਉਡਾਣਾਂ ਦੇ ਰੱਦ ਹੋਣ ਕਾਰਨ ਯਾਤਰੀਆਂ ਨੂੰ ਆਈਆਂ ਮੁਸ਼ਕਲਾਂ ਲਈ ਮੁਆਫੀ ਮੰਗੀ ਹੈ।

# ਕਾਰ ਦੀ ਟੱਕਰ ਤੋਂ ਬਾਅਦ ਅਮਰੀਕੀ ਮੂਲ ਦੇ ਚਾਲਕ ਨੇ ਗੁੱਸੇ ਵਿਚ ਪੰਜਾਬੀ ਦਾ ਕੀਤਾ ਕਤਲ

ਨਿਊਯਾਰਕ-ਨਿਊਯਾਰਕ ਦੇ ਕੁਈਨਜ਼ ਵਿੱਚ ਰਹਿਣ ਵਾਲੇ ਇੱਕ ਭਾਰਤੀ-ਅਮਰੀਕੀ ਵਿਅਕਤੀ ਜਸਮੇਰ ਸਿੰਘ ਦੀ ਕਾਰ ਹਾਦਸੇ ਦੇ ਕੁਝ ਸਮੇਂ ਬਾਅਦ ਹੋਏ ਹਮਲੇ ਵਿੱਚ ਮੌਤ ਹੋ ਗਈ। ਮੀਡੀਆ ਰਿਪੋਰਟਾਂ ਮੁਤਾਬਕ ਇਹ ਹਾਦਸਾ ਵੀਰਵਾਰ ਨੂੰ ਵਾਪਰਿਆ। ਜਸਮੇਰ ਸਿੰਘ ਨੇ ਆਉਣ ਵਾਲੇ ਹਫਤੇ ਭਾਰਤ ਆਉਣਾ ਸੀ। ਇਸੇ ਕਾਰਨ ਉਹ ਆਪਣੀ ਪਤਨੀ ਨੂੰ ਡਾਕਟਰ ਕੋਲੋਂ ਹੋ ਕੇ ਘਰ ਲੈ ਕੇ ਜਾ ਰਹੇ ਸਨ। ਇਸ ਦੌਰਾਨ ਜਸਮੇਰ ਦੀ ਕਾਰ ਵੈਨ ਵਿਕ ਐਕਸਪ੍ਰੈਸ ਵੇਅ 'ਤੇ ਇਕ ਹੋਰ ਕਾਰ ਚਾਲਕ ਨਾਲ ਟਕਰਾ ਗਈ। ਜਿਸ ਤੋਂ ਬਾਅਦ ਡਰਾਈਵਰ ਉਸ 'ਤੇ ਭੜਕ ਗਿਆ ਅਤੇ ਜਸਮੇਰ ਸਿੰਘ 'ਤੇ ਹਮਲਾ ਕਰ ਦਿੱਤਾ। ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਇਸ ਦੇ ਨਾਲ ਹੀ ਜਸਮੇਰ ਦੇ ਪਰਿਵਾਰ ਨੇ ਐਤਵਾਰ ਰਾਤ ਗੱਲਬਾਤ ਕੀਤੀ ਅਤੇ ਮੰਗ ਕੀਤੀ ਕਿ ਸ਼ੱਕੀ ਡਰਾਈਵਰ ਖਿਲਾਫ ਹੇਟ ਕ੍ਰਾਈਮ ਦਾ ਮਾਮਲਾ ਦਰਜ ਕੀਤਾ ਜਾਵੇ। ਜਸਮੇਰ ਦੇ ਪੁੱਤਰ ਮੁਲਤਾਨੀ ਨੇ ਦੱਸਿਆ ਕਿ ਮੇਰੇ ਪਿਤਾ ਪੜ੍ਹੇ ਲਿਖੇ ਅਤੇ ਬਹੁਤ ਨੇਕ ਇਨਸਾਨ ਸਨ। ਜਾਣਕਾਰੀ ਅਨੁਸਾਰ 68 ਸਾਲਾ ਜਸਮੇਰ ਸਿੰਘ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਣ ਲਈ ਭਾਰਤ ਤੋਂ ਅਮਰੀਕਾ ਗਏ ਸਨ। ਮੁਲਤਾਨੀ ਨੇ ਦੱਸਿਆ ਕਿ ਹਮਲੇ ਦੌਰਾਨ ਪਿਤਾ ਦਾ ਸਿਰ ਫਟ ਗਿਆ ਅਤੇ ਅਗਲੇ ਦੋ ਦੰਦ ਵੀ ਟੁੱਟ ਗਏ।



# ਨਾਮਵਰ ਪੱਤਰਕਾਰ ਸੁਰਜਨ ਜ਼ੀਰਵੀ ਨਹੀਂ ਰਹੇ

**ਉਜਾਗਰ ਸਿੰਘ**

ਪੰਜਾਬੀ ਪੱਤਰਕਾਰੀ ਵਿੱਚ ਸਾਹਿਤਕ ਸ਼ਬਦਾਵਲੀ ਦੀਆਂ ਫੁੱਲਝੜੀਆਂ ਰਾਹੀਂ ਵਿਅੰਗ ਦੇ ਤੁਣਕੇ ਲਗਾਉਣ ਵਾਲੇ ਨਾਮਵਰ ਪੱਤਰਕਾਰ ਸੁਰਜਨ ਸਿੰਘ ਜ਼ੀਰਵੀ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਫੋਰ ਇਨ ਵਨ ਪੱਤਰਕਾਰ, ਲੇਖਕ, ਪੇਂਟਰ ਅਤੇ ਗਾਇਕ ਸਨ। ਪੰਜਾਬੀ ਪੱਤਰਕਾਰੀ ਵਿੱਚ ਉਹ ਨਵਾਂ ਕੀਰਤੀਮਾਨ ਸਥਾਪਤ ਕਰ ਗਏ ਹਨ। ਨਵਾਂ ਜ਼ਮਾਨਾ ਅਖ਼ਬਾਰ ਵਿੱਚ ਲਗਪਗ ਅੱਧੀ ਸਦੀ ਆਪਣੇ ਵਡਮੁੱਲੇ ਵਿਚਾਰਾਂ ਵਾਲੀਆਂ ਸੰਪਾਦਕੀਆਂ, ਲੇਖਾਂ ਅਤੇ ਖ਼ਬਰਾਂ ਰਾਹੀਂ ਪੰਜਾਬੀਆਂ ਨੂੰ ਆਪਣੇ ਜਮਹੂਰੀ ਹੱਕਾਂ ਲਈ ਲਾਮਬੰਦ ਹੋਣ ਲਈ ਪ੍ਰੇਰਦੇ ਰਹੇ। ਉਹ ਪੰਜਾਬੀ ਪੱਤਰਕਾਰੀ ਦੇ ਪਿਤਾਮਾ, ਠੋਸ ਇਰਾਦੇ ਵਾਲੇ ਪ੍ਰੰਤੂ ਹਸਮੁੱਖ ਸੁਭਾਅ ਦੇ ਮਾਲਕ ਸਨ, ਜੋ ਨੌਜਵਾਨ ਪੱਤਰਕਾਰਾਂ ਲਈ ਹਮੇਸ਼ਾ ਪ੍ਰੇਰਨਾਸਰੋਤ ਬਣੇ ਰਹਿਣਗੇ। ਉਨ੍ਹਾਂ ਨੇ ਅਨੇਕਾਂ ਨੌਜਵਾਨ ਪੱਤਰਕਾਰਾਂ ਨੂੰ ਪੱਤਰਕਾਰੀ ਦੀ ਗੁੜ੍ਹਤੀ ਦੇ ਕੇ ਨਿਰਪੱਖਤਾ ਨਾਲ ਪੱਤਰਕਾਰੀ ਕਰਨ ਦੀ ਸਿੱਖਿਆ ਦਿੱਤੀ। ਅੱਜ ਉਨ੍ਹਾਂ ਦੇ ਬਣਾਏ ਦਰਜਨਾ ਤੋਂ ਵੱਧ ਪੱਤਰਕਾਰ ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਨਾਮਣਾ ਖੱਟ ਰਹੇ ਹਨ। ਨਵਾਂ ਜ਼ਮਾਨਾ ਅਖ਼ਬਾਰ ਨੂੰ ਉਨ੍ਹਾਂ ਦੇ ਸਮੇਂ ਪੱਤਰਕਾਰੀ ਦੀ ਨਰਸਰੀ ਤੇ ਤੌਰ ਜਾਣਿਆਂ ਜਾਂਦਾ ਸੀ। ਉਹ ਇੱਕ ਸੁਹਿਰਦ ਤੇ ਨੇਕ ਇਨਸਾਨ ਸਨ। ਨਵਾਂ ਜ਼ਮਾਨਾ ਅਖ਼ਬਾਰ ਦੇ ਅਮਲੇ ਤੋਂ ਕੰਮ ਕਰਵਾਉਣ ਸਮੇਂ ਉਨ੍ਹਾਂ ਕਦੇ ਵੀ ਸਖ਼ਤੀ ਨਹੀਂ ਵਰਤੀ ਸਗੋਂ ਹਰ ਕੰਮ ਚੁੱਟਕਲਿਆਂ, ਲਤੀਫ਼ਿਆਂ ਅਤੇ ਹਾਸੇ ਠੱਠਿਆਂ ਦੀਆਂ ਛਹਿਬਰਾਂ ਲਗਾਉਂਦਿਆਂ ਸਹਿਜਤਾ ਨਾਲ ਕਰਵਾ ਲੈਂਦੇ ਸਨ। ਸਹਿਜ ਰਹਿਣਾ ਅਤੇ ਸਟਾਫ਼ ਸਹਿਜਤਾ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। ਕਿਸੇ ਵੀ ਕੰਮ ਨੂੰ ਜਲਦਬਾਜ਼ੀ ਵਿੱਚ ਨਹੀਂ ਕਰਦੇ ਸਨ। ਉਹ ਫੁਰਤੀਲੇ ਬਹੁਤ ਸਨ। ਕਾਫ਼ੀ ਸਮਾਂ ਉਹ ਨਵਾਂ ਜ਼ਮਾਨਾ ਅਖ਼ਬਾਰ ਦੇ ਦਫ਼ਤਰ ਵਿੱਚ ਹੀ ਰਹਿੰਦੇ ਰਹੇ ਸਨ। ਉਨ੍ਹਾਂ ਦਾ ਆਪਣੇ ਕਿੱਤੇ ਵਿੱਚ ਮੁਹਾਰਤ ਹਾਸਲ ਕਰਨ ਦਾ ਮੁੱਖ ਕਾਰਨ ਉਨ੍ਹਾਂ ਦਾ ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਦੀਆਂ ਪੁਸਤਕਾਂ ਪੜ੍ਹਦੇ ਰਹਿਣਾ ਸੀ, ਜਿਸ ਕਰਕੇ ਉਨ੍ਹਾਂ ਦੀ ਸ਼ਬਦਾਵਲੀ ਦਾ ਭੰਡਾਰ ਵਿਸ਼ਾਲ ਹੁੰਦਾ ਰਿਹਾ। ਉਨ੍ਹਾਂ ਆਪਣਾ ਪੱਤਰਕਾਰੀ ਦਾ ਕੈਰੀਅਰ 1954-55 ਵਿੱਚ 'ਲੋਕ ਯੁਗ' ਪੇਪਰ ਦੀ ਸੰਪਾਦਨਾ ਤੋਂ ਸ਼ੁਰੂ ਕੀਤਾ। ਦੋ ਸਾਲ ਉਹ ਇਹ ਪੇਪਰ ਪ੍ਰਕਾਸ਼ਤ ਕਰਦੇ ਰਹੇ ਪ੍ਰੰਤੂ ਆਰਥਿਕ ਮਜ਼ਬੂਰੀਆਂ ਕਰਕੇ ਦੋ ਸਾਲ ਬਾਅਦ ਉਨ੍ਹਾਂ ਇਹ ਪੇਪਰ ਬੰਦ ਕਰ ਦਿੱਤਾ। ਫਿਰ ਉਨ੍ਹਾਂ ਨਵਾਂ ਜ਼ਮਾਨਾ ਅਖ਼ਬਾਰ ਵਿੱਚ ਸਬ ਐਡੀਟਰ ਦੇ ਤੌਰ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਖ਼ਬਰਾਂ ਅਤੇ ਲੇਖਾਂ ਦੇ ਸਿਰਲੇਖ ਬਣਾਉਣ ਦੇ ਵੀ ਉਨ੍ਹਾਂ ਨੂੰ ਮਾਹਿਰ ਗਿਣਿਆਂ ਜਾਂਦਾ ਸੀ। ਭਾਵੇਂ ਉਹ ਆਪਣੀ ਪਾਰਟੀ ਅਤੇ ਅਖ਼ਬਾਰ ਦੀ ਨੀਤੀ



ਪ੍ਰਤੀ ਬਚਨਵੱਧ ਸਨ ਪ੍ਰੰਤੂ ਉਹ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਖ਼ਬਰਾਂ ਅਤੇ ਲੇਖ ਲਗਾਉਣ ਨੂੰ ਤਰਜ਼ੀਹ ਦਿੰਦੇ ਸਨ। ਲੋਕ ਹਿਤਾਂ 'ਤੇ ਪਹਿਰਾ ਦੇਣ ਵਾਲੇ ਲੇਖ ਅਤੇ ਖ਼ਬਰਾਂ ਪਕ੍ਰਾਸ਼ਤ ਕਰਨ ਵਿੱਚ ਖ਼ੁਸ਼ੀ ਮਹਿਸੂਸ ਕਰਦੇ ਸਨ। ਉਹ ਅਖ਼ਬਾਰ ਵਿੱਚ ਸਨਸਨੀ ਖੇਜ ਖ਼ਬਰਾਂ ਲਗਾਉਣ ਤੋਂ ਵੀ ਪ੍ਰਹੇਜ ਕਰਦੇ ਸਨ। ਉਨ੍ਹਾਂ ਦੀ ਅਨੁਵਾਦ ਕਰਨ ਦੀ ਕਲਾ ਵੀ ਕਮਾਲ ਦੀ ਸੀ। ਅੱਜ ਕਲ੍ਹ ਤਾਂ ਭਾਵੇਂ ਕੰਪਿਊਟਰ ਆ ਗਏ ਹਨ ਪ੍ਰੰਤੂ ਉਨ੍ਹਾਂ ਦਿਨਾ ਵਿੱਚ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਸਬ ਐਡੀਟਰ ਹੀ ਕਰਦੇ ਸਨ। ਟੈਲੀਪ੍ਰਿੰਟਰ ਦਾ ਜ਼ਮਾਨਾ ਸੀ। ਖ਼ਬਰਾਂ ਅੰਗਰੇਜ਼ੀ ਵਿੱਚ ਟੈਲੀਪ੍ਰਿੰਟਰ 'ਤੇ ਆਉਂਦੀਆਂ ਸਨ, ਤੁਰੰਤ ਉਨ੍ਹਾਂ ਦਾ ਅਨੁਵਾਦ ਕਰਨਾ ਹੁੰਦਾ ਸੀ। ਸੁਰਜਨ ਸਿੰਘ ਜ਼ੀਰਵੀ ਬਹੁਤ ਤੇਜੀ ਨਾਲ ਅਤੇ ਸਹੀ ਅਨੁਵਾਦ ਕਰਦੇ ਸਨ। ਉਹ ਦ੍ਰਿੜ੍ਹਤਾ, ਅਨੁਸ਼ਾਸ਼ਨ, ਮਿਹਨਤ ਅਤੇ ਲਗਨ ਨਾਲ ਕੰਮ ਕਰਨ ਦੇ ਮੁਜੱਸਮਾ ਸਨ। ਇਸ ਕਰਕੇ ਉਨ੍ਹਾਂ ਨੂੰ ਅਨੁਵਾਦ ਕਰਨ ਵਾਲੀ ਮਸ਼ੀਨ ਕਿਹਾ ਜਾਂਦਾ ਸੀ। ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਸਰਗਰਮ ਕਾਰਕੁੰਨ ਸਨ। ਪੰਜਾਬੀ ਭਾਵੇਂ ਉਨ੍ਹਾਂ 9ਵੀਂ ਕਲਾਸ ਤੋਂ ਹੀ ਪੜ੍ਹਨੀ ਸ਼ੁਰੂ ਕੀਤੀ ਸੀ ਪ੍ਰੰਤੂ ਉਨ੍ਹਾਂ ਦੇ ਸੰਪਾਦਕੀ ਅਤੇ ਲੇਖਾਂ ਦੀ ਸ਼ਬਦਾਵਲੀ ਪੰਜਾਬੀ ਦੇ ਪ੍ਰਬੁੱਧ ਲਿਖਾਰੀ ਹੋਣ ਦਾ ਪ੍ਰਮਾਣ ਦਿੰਦੀ ਸੀ। ਸੁਰਜਨ ਜ਼ੀਰਵੀ ਇੱਕ ਸੁਲਝੇ ਹੋਏ ਪੱਤਰਕਾਰ ਹੋਣ ਦੇ ਨਾਲ ਬੁੱਧੀਜੀਵੀ ਲੇਖਕ ਵੀ ਸਨ, ਜਿਨ੍ਹਾਂ ਦੀਆਂ ਦੋ ਪੁਸਤਕਾਂ 'ਇਹ ਹੈ ਬਾਰਬੀ ਸੰਸਾਰ' ਅਤੇ 'ਆਓ ਸੱਚ ਜਾਣੀਏਂ' ਹਨ। 'ਇਹ ਹੈ ਬਾਰਬੀ ਸੰਸਾਰ' ਪੁਸਤਕ ਪਾਠਕਾਂ ਵਿੱਚ ਬਹੁਤ ਹੀ ਹਰਮਨ ਪਿਆਰੀ ਹੈ। ਇਨ੍ਹਾਂ ਦੋਹਾਂ ਪੁਸਤਕਾਂ ਦੇ ਵਿਸ਼ੇ ਬੜੇ ਖ਼ਤਰਨਾਕ ਹਨ ਪ੍ਰੰਤੂ ਉਨ੍ਹਾਂ ਨੂੰ ਬਹੁਤ ਹੀ ਸਲੀਕੇ ਨਾਲ ਲਿਖਿਆ ਗਿਆ ਹੈ। ਸੁਰਜਨ ਸਿੰਘ ਜ਼ੀਰਵੀ ਦੇ ਵਿਅੰਗਾਂ ਦੇ ਤੀਰ ਵੀ ਤਿੱਖੇ ਪ੍ਰੰਤੂ ਸਹਿਣਯੋਗ ਹੁੰਦੇ ਸਨ। ਉਹ ਨਿਡਰ ਹੋ ਕੇ ਲੇਖ ਲਿਖਦੇ ਸਨ ਭਾਵੇਂ ਕਿਸੇ ਦੇ ਗੋਡੇ ਲੱਗੇ ਜਾਂ ਗਿੱਟੇ। 'ਇਹ ਹੈ ਬਾਰਬੀ ਸੰਸਾਰ' ਪੁਸਤਕ ਪੰਜਾਬੀ ਯੂਨੀਵਰਸਿਟੀ ਨੇ ਸਿਲੇਬਸ ਵਿੱਚ ਲਗਾਈ ਹੋਈ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਬਹੁਤ ਸਾਰੇ ਲੇਖ ਤੇ ਸੰਪਾਦਕੀਆਂ ਲਿਖੀਆਂ ਪ੍ਰੰਤੂ ਕੁਝ ਉਨ੍ਹਾਂ ਦੇ ਲੇਖ ਚਰਚਾ ਦਾ ਵਿਸ਼ਾ ਬਣ ਰਹੇ, ਜਿਨ੍ਹਾਂ ਵਿੱਚ ਕਾਰਲ ਮਾਰਕਸ:ਇੱਕ ਅਦਭੁੱਤ ਗਾਥਾ, ਖ਼ਯਾਮ ਦੀਆਂ ਰੁਬਾਈਆਂ ਦਾ ਪੰਜਾਬੀ ਰੂਪ, ਖ਼ੂਬਸੂਰਤੀ ਦੇ ਮੁਖੌਟੇ ਪਿੱਛੇ ਲੁਕੀ ਦਰਿੰਦਗੀ, ਦੋ ਗੱਲਾਂ 'ਮੇਰੀ ਪੱਤਰਕਾਰੀ ਦੇ ਰੰਗ' ਅਤੇ ਸਾਡਾ ਦੇਸ਼ ਬੀਮਾਰ ਹੈ ਆਦਿ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਉਨ੍ਹਾਂ ਨੇ ਭਾਰਤੀ ਕਮਿਊਨਿਸਟ ਪਾਰਟੀ ਵਰਕਰ ਹੋਣ ਦੇ ਨਾਤੇ ਰੂਸ ਦੀ ਦੋ ਵਾਰ ਯਾਤਰਾ ਵੀ ਕੀਤੀ। ਪੰਜਾਬੀ ਸੂਬੇ ਦੇ ਮੋਰਚੇ ਵਿੱਚ ਵੀ ਉਹ ਕਾਫ਼ੀ ਸਰਗਰਮ ਰਹੇ, ਜਿਸ ਕਰਕੇ ਉਨ੍ਹਾਂ ਨੂੰ ਜੇਲ੍ਹ ਦੀ ਯਾਤਰਾ ਵੀ ਕਰਨੀ ਪਈ। ਉਨ੍ਹਾਂ ਨੂੰ ਬਹੁਤ ਸਾਰੀਆਂ ਸੰਸਥਾਵਾਂ ਨੇ ਮਾਣ ਸਨਮਾਨ ਦੇ ਕੇ ਨਿਵਾਜਿਆ ਸੀ। ਇਕਬਾਲ ਮਾਹਲ ਅਤੇ ਜੋਗਿੰਦਰ ਕਲਸੀ ਨੇ ਸੁਰਜਨ ਸਿੰਘ ਜ਼ੀਰਵੀ ਦੇ ਪੱਤਰਕਾਰੀ ਵਿੱਚ ਪਾਏ ਯੋਗਦਾਨ ਲਈ 'ਵਿਯਨਜ਼ ਆਫ਼ ਪੰਜਾਬ' ਨਾਮ ਦੀ ਦਸਤਾਵੇਜ਼ੀ ਫਿਲਮ ਬਣਾਈ ਹੈ। ਉਨ੍ਹਾਂ ਨੂੰ ਕੈਨੇਡਾ ਦੀ ਵਿਰਾਸਤ ਪੀਸ ਸੰਸਥਾ ਵੱਲੋਂ ' ਲਾਈਫ਼ ਟਾਈਮ ਅਚੀਵਮੈਂਟ ਅਵਾਰਡ' ਦੇ ਕੇ ਸਨਮਾਨਤ ਵੀ ਕੀਤਾ ਸੀ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਉਨ੍ਹਾਂ ਨੂੰ ਜਗਜੀਤ ਸਿੰਘ ਆਨੰਦ ਪੁਰਸਕਾਰ ਦੇਣ ਦਾ ਫ਼ੈਸਲਾ ਕੀਤਾ ਸੀ।

ਸੁਰਜਨ ਜ਼ੀਰਵੀ ਦਾ ਜਨਮ ਪਿਤਾ ਬਲਵੰਤ ਸਿੰਘ ਠੇਕੇਦਾਰ ਅਤੇ ਮਾਤਾ ਹਰਨਾਮ ਕੌਰ ਦੇ ਘਰ 1 ਦਸੰਬਰ 1929 ਨੂੰ ਹੋਇਆ ਸੀ। ਉਹ ਦੋ ਭਰਾ ਅਤੇ ਚਾਰ ਭੈਣਾ ਸਨ। ਉਨ੍ਹਾਂ ਦਾ ਸਾਰਾ ਪਰਿਵਾਰ ਹੀ ਸਾਹਿਤਕ ਰੁਚੀਆਂ ਵਾਲਾ ਅਤੇ ਕਲਾ ਪ੍ਰੇਮੀ ਸੀ। ਉਨ੍ਹਾਂ ਦਾ ਭਰਾ ਜਗਜੀਤ ਸਿੰਘ ਜ਼ੀਰਵੀ ਪੰਜਾਬੀ ਕਵੀ ਤੇ ਸੁਰੀਲਾ ਗਾਇਕ ਸੀ। ਉਨ੍ਹਾਂ ਦੇ ਬਹਿਨੋਈ ਡਾ.ਜਸਵੰਤ ਸਿੰਘ ਨੇਕੀ ਪੀ.ਜੀ.ਆਈ.ਚੰਡੀਗੜ੍ਹ ਦੇ ਡਾਇਰੈਕਟਰ ਅਤੇ ਪੰਜਾਬੀ ਦੇ ਚੋਟੀ ਦੇ ਕਵੀ ਸਨ। ਸੁਰਜਨ ਜ਼ੀਰਵੀ ਨੇ ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਸਕੂਲ ਜੀਰਾ ਵਿੱਚ ਕੀਤੀ ਸੀ। ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਉਨ੍ਹਾਂ ਥੋੜ੍ਹਾ ਸਮਾਂ ਪੰਜਾਬ ਸਰਕਾਰ ਦੇ ਸਿਵਲ ਸਪਲਾਈ ਵਿਭਾਗ ਵਿੱਚ ਨੌਕਰੀ ਵੀ ਕੀਤੀ। ਉਨ੍ਹਾਂ ਦੀ ਸੋਚ ਨੂੰ ਸਰਕਾਰੀ ਨੌਕਰੀ ਰਾਸ ਨਹੀਂ ਆਈ। ਉਸ ਤੋਂ ਬਾਅਦ ਉਹ ਭਾਰਤੀ ਕਮਿਊਨਿਸਟ ਪਾਰਟੀ ਦੀ ਵਿਚਾਰਧਾਰਾ ਨਾਲ ਜੁੜ ਗਏ। ਪਾਰਟੀ ਲਈ ਉਨ੍ਹਾਂ ਦ੍ਰਿੜ੍ਹਤਾ ਅਤੇ ਬਚਨਵੱਧਤਾ ਨਾਲ ਕੰਮ ਕੀਤਾ। ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਵਫ਼ਾਦਾਰ ਜਰਨੈਲ ਦੀ ਤਰ੍ਹਾਂ ਕੰਮ ਕਰਦੇ ਰਹੇ। ਉਨ੍ਹਾਂ ਨੂੰ ਨਵਾਂ ਜ਼ਮਾਨਾ ਅਖ਼ਬਾਰ ਦੀ ਦਿੱਖ ਅਤੇ ਛਪਾਈ ਸੁਚੱਜੇ ਢੰਗ ਨਾਲ ਕਰਵਾਉਣ ਦਾ ਮਾਣ ਜਾਂਦਾ ਹੈ। ਉਨ੍ਹਾਂ ਦੀ ਅਗਵਾਈ ਵਿੱਚ ਅਖ਼ਬਾਰ ਬੁਲੰਦੀਆਂ 'ਤੇ ਪਹੁੰਚਿਆ। ਸੰਪਾਦਕ ਦੇ ਤੌਰ 'ਤੇ ਉਨ੍ਹਾਂ ਦੀ ਕਾਰਜਕੁਸ਼ਲਤਾ ਦਾ ਪ੍ਰਮਾਣ ਉਨ੍ਹਾਂ ਦੀਆਂ ਸੰਪਾਦਕੀਆਂ ਤੋਂ ਪਤਾ ਲਗਦਾ ਸੀ। ਸ਼ੁਰੂ ਵਿੱਚ ਸੁਰਜਨ ਜ਼ੀਰਵੀ ਕਵਿਤਾਵਾਂ ਵੀ ਲਿਖਦੇ ਰਹੇ। ਇਸ ਕਰਕੇ ਉਨ੍ਹਾਂ ਦੀ ਵਾਰਤਕ ਦੀ ਸ਼ੈਲੀ ਵੀ ਕਾਵਿਕ ਹੁੰਦੀ ਸੀ। ਗ਼ਜ਼ਲਾਂ ਤੇ ਗੀਤ ਗਾਉਣ ਦਾ ਸ਼ੌਕ ਸੀ। ਉਹ ਵਿਹਲੇ ਸਮੇਂ ਗੀਤ ਗੁਣ ਗੁਣਾਉਂਦੇ ਰਹਿੰਦੇ ਸਨ। ਉਹ ਪੇਂਟਿੰਗ ਵੀ ਕਰਦੇ ਸਨ। ਉਨ੍ਹਾਂ ਨੂੰ ਗੁੱਸਾ ਬਿਲਕੁਲ ਹੀ ਨਹੀਂ ਆਉਂਦਾ ਸੀ। ਉਹ ਸ਼ਾਂਤ ਸੁਭਾਅ ਦੇ ਮਾਲਕ ਸਨ। ਕਿਸੇ ਵੀ ਉਲਝਣ ਜਾਂ ਔਖੇ ਸਮੇਂ ਆਪਣੀ ਛੁਰਲੀ ਛੱਡ ਕੇ ਵਾਤਾਵਰਨ ਨੂੰ ਸੁਖਾਵਾਂ ਬਣਾ ਦਿੰਦੇ ਸਨ। ਅਸਧਾਰਨ ਗੱਲ ਨੂੰ ਵੀ ਸਾਧਾਰਨ ਢੰਗ ਨਾਲ ਲਿਖਣ ਦੇ ਮਾਹਿਰ ਸਨ। 22 ਮਾਰਚ 1960 ਨੂੰ ਉਨ੍ਹਾਂ ਦਾ ਪਿਆਰ ਵਿਆਹ ਅੰਮ੍ਰਿਤ ਨਾਲ ਹੋਇਆ। ਅੰਮ੍ਰਿਤ ਬੀ.ਏ.ਬੀ.ਐਡ ਅਧਿਆਪਕ ਸੀ। ਸੁਰਜਨ ਜ਼ੀਰਵੀ ਭਾਰਤੀ ਕਮਿਊਨਿਸਟ ਪਾਰਟੀ ਦਾ ਹੋਲ ਟਾਈਮ ਵਰਕਰ ਸੀ। ਵਿਆਹ ਦੇ ਮੌਕੇ ਉਸ ਨੂੰ ਸਿਰਫ 50 ਰੁਪਏ ਮਹੀਨਾ ਮਿਲਦਾ ਸੀ। ਲੋੜਾਂ ਘਟਾ ਕੇ ਘੱਟ ਆਮਦਨ ਨਾਲ ਗੁਜ਼ਾਰਾ ਕਰਨ ਦੀ ਕਲਾ ਸੁਰਜਨ ਜ਼ੀਰਵੀ ਤੋਂ ਸਿੱਖਣੀ ਚਾਹੀਦੀ ਹੈ। ਉਨ੍ਹਾਂ ਨੇ ਸਬਰ ਸੰਤੋਖ ਨਾਲ ਆਪਣਾ ਜੀਵਨ ਸਫਰ ਪੂਰਾ ਕੀਤਾ। ਅਧਿਆਪਨ ਤੋਂ ਬਾਅਦ ਉਨ੍ਹਾਂ ਦੀ ਪਤਨੀ ਨੇ ਵੀ ਸੁਰਜਨ ਜ਼ੀਰਵੀ ਦੇ ਨਾਲ ਹੀ ਨਵਾਂ ਜ਼ਮਾਨਾ ਅਖ਼ਬਾਰ ਵਿੱਚ ਬਤੌਰ ਸਬ ਐਡੀਟਰ ਕੰਮ ਕੀਤਾ। ਕੈਨੇਡਾ ਪਰਵਾਸ ਕਰਨ ਤੋਂ ਬਾਅਦ ਅੰਮ੍ਰਿਤ ਉਥੇ ਸੈਟਲਮੈਂਟ ਕਾਊਂਸਲਰ ਵਜੋਂ ਵੀ ਸਰਗਰਮ ਰਹੇ। ਉਨ੍ਹਾਂ ਦੇ ਇੱਕ ਲੜਕੀ ਸੀਰਤ ਹੈ। ਇਸ ਸਮੇਂ ਸੁਰਜਨ ਜ਼ੀਰਵੀ ਟਰਾਂਟੋ ਵਿਖੇ ਆਪਣੀ ਪਤਨੀ ਅੰਮ੍ਰਿਤ ਲੜਕੀ ਸੀਰਤ ਅਤੇ ਜਵਾਈ ਨਵਤੇਜ ਸਿੰਘ ਨਾਲ ਰਹਿ ਰਹੇ ਸਨ। ਦੇਸ਼ ਦੀ ਵਿਗੜਦੀ ਹਾਲਤ ਬਾਰੇ ਉਹ ਕਾਫ਼ੀ ਚਿੰਤਾਤੁਰ ਸਨ। ਪਿਛਲੇ ਕੁਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ। ਉਨ੍ਹਾਂ ਦੀ ਫਿਰਾਕਦਿਲੀ ਅਤੇ ਹਾਸੇ ਮਖੌਲ ਦੀ ਪ੍ਰਵਿਰਤੀ ਬਿਮਾਰੀ ਦੌਰਾਨ ਵੀ ਬਰਕਰਾਰ ਰਹੀ। ਸ਼ਾਇਰੀ ਦੇ ਸ਼ੌਕੀਨ ਸਨ, ਹਮੇਸ਼ਾ ਸ਼ਿਅਰ ਸੁਣਾਉਂਦੇ ਰਹਿੰਦੇ ਸਨ। ਸੁਰਜਨ ਸਿੰਘ ਜ਼ੀਰਵੀ 1990 ਵਿੱਚ ਪਰਿਵਾਰ ਸਮੇਤ ਕੈਨੇਡਾ ਪਰਵਾਸ ਕਰ ਗਏ ਸਨ। 33 ਸਾਲ ਕੈਨੇਡਾ ਵਿੱਚ ਪਰਵਾਸ ਕਰਨ ਤੋਂ ਬਾਅਦ ਉਹ 24 ਅਕਤੂਬਰ 2023 ਨੂੰ ਟਰਾਂਟੋ ਵਿਖੇ ਸਵਰਗ ਸਿਧਾਰ ਗਏ।



# ਮੇਰੇ ਕਰੀਅਰ ਦਾ ਸਭ ਤੋਂ ਬਿਹਤਰੀਨ ਗੀਤ 'ਲੇਕੇ ਪ੍ਰਭੂ ਕਾ ਨਾਮ'-ਸਲਮਾਨ ਖਾਨ



ਮੁੰਬਈ-ਬੌਲੀਵੁੱਡ ਸੁਪਰਸਟਾਰ ਸਲਮਾਨ ਖਾਨ ਨੇ ਕਿਹਾ ਕਿ 'ਟਾਈਗਰ-3' ਦਾ ਗੀਤ 'ਲੇਕੇ ਪ੍ਰਭੂ ਕਾ ਨਾਮ' ਮੇਰੇ ਕਰੀਅਰ ਦੇ ਸਭ ਤੋਂ ਬਿਹਤਰੀਨ ਗੀਤਾਂ 'ਚੋਂ ਇੱਕ ਹੈ। ਸਲਮਾਨ ਖਾਨ ਦੀ ਇਹ ਫਿਲਮ ਦੀਵਾਲੀ ਮੌਕੇ ਰਿਲੀਜ਼ ਹੋਣ ਜਾ ਰਹੀ ਹੈ। ਸਲਮਾਨ ਤੀਜੀ ਵਾਰ 'ਟਾਈਗਰ' ਦੀ ਫਰੈਂਚਾਇਜ਼ੀ 'ਚ ਅਦਾਕਾਰਾ ਕੈਟਰੀਨਾ ਕੈਫ ਨਾਲ ਕੰਮ ਕਰਨ ਜਾ ਰਿਹਾ ਹੈ। ਦੋਵੇਂ ਅਦਾਕਾਰ ਦੁਬਾਰਾ ਜਾਸੂਸ ਏਜੰਟਾਂ ਦੇ ਕਿਰਦਾਰ ਟਾਈਗਰ ਅਤੇ ਜ਼ੋਯਾ ਦੀ ਭੂਮਿਕਾ ਨਿਭਾਉਣਗੇ। ਸਲਮਾਨ ਨੇ ਕਿਹਾ,"ਮੈਂ ਤੇ ਕੈਟਰੀਨਾ ਨੇ ਇਕੱਠਿਆਂ ਕਈ ਵਧੀਆ ਗੀਤ ਕੀਤੇ ਹਨ ਅਤੇ ਮੈਂ ਸਮਝਦਾ ਹਾਂ ਕਿ ਜਦੋਂ ਵੀ ਅਸੀਂ ਇਕੱਠੇ ਕੋਈ ਗੀਤ ਕਰਦੇ ਹਾਂ ਤਾਂ ਲੋਕਾਂ ਦੀਆਂ ਉਮੀਦਾਂ ਅਸਮਾਨ ਛੂਹ ਜਾਂਦੀਆਂ ਹਨ। ਮੈਨੂੰ ਪੂਰਾ ਭਰੋਸਾ ਹੈ ਕਿ 'ਲੇਕੇ ਪ੍ਰਭੂ ਕਾ ਨਾਮ' ਲੋਕਾਂ ਨੂੰ ਬਹੁਤ ਪਸੰਦ ਆਵੇਗਾ।" ਅਦਾਕਾਰ ਨੇ ਕਿਹਾ,"ਇਹ ਡਾਂਸ ਟਰੈਕ ਮੈਨੂੰ ਬਹੁਤ ਪਸੰਦ ਹੈ। ਇਹ ਸ਼ਾਇਦ ਮੇਰੇ ਕਰੀਅਰ ਦੇ ਸਭ ਤੋਂ ਵਧੀਆ ਡਾਂਸ ਟਰੈਕਾਂ 'ਚੋਂ ਇੱਕ ਹੈ। ਮੈਂ ਤੇ ਕੈਟਰੀਨਾ ਖੁਸ਼ਕਿਸਮਤ ਰਹੇ ਹਾਂ ਕਿ ਅਸੀਂ ਦੁਨੀਆਂ ਭਰ ਵਿੱਚ ਲੋਕਾਂ ਦਾ ਮਨੋਰੰਜਨ ਕੀਤਾ ਹੈ। ਮੈਂ ਉਮੀਦ ਕਰਦਾ ਹਾਂ ਕਿ 'ਲੇਕੇ ਪ੍ਰਭੂ ਕਾ ਨਾਮ' ਵੀ ਵਿਸ਼ਵ ਪੱਧਰ 'ਤੇ ਹਿੱਟ ਹੋਵੇਗਾ। ਇਹ ਇੱਕ ਪਾਰਟੀ ਟਰੈਕ ਹੈ, ਜਿਸ ਨੂੰ ਅਮਿਤਾਭ ਭੱਟਾਚਾਰੀਆ ਨੇ ਲਿਖਿਆ ਹੈ ਤੇ ਪ੍ਰੀਤਮ ਵੱਲੋਂ ਸੰਗੀਤ ਦਿੱਤਾ ਗਿਆ ਹੈ। ਇਸ ਨੂੰ ਅਰਿਜੀਤ ਸਿੰਘ ਤੇ ਨਿਖਿਤਾ ਗਾਂਧੀ ਨੇ ਗਾਇਆ ਹੈ। ਫਿਲਮ 'ਟਾਈਗਰ-3' ਇਸ ਸਾਲ 12 ਨਵੰਬਰ ਦੀਵਾਲੀ ਨੂੰ ਰਿਲੀਜ਼ ਹੋਵੇਗੀ।

# ਮੇਰੀ ਜ਼ਿੰਦਗੀ ਵਰਗਾ ਹੈ 'ਆਰੀਆ ਸਰੀਨ' ਦਾ ਕਿਰਦਾਰ-ਸੁਸ਼ਮਿਤਾ ਸੇਨ



ਮੁੰਬਈ: ਬੌਲੀਵੁੱਡ ਅਦਾਕਾਰਾ ਸੁਸ਼ਮਿਤਾ ਸੇਨ ਕ੍ਰਾਈਮ ਥ੍ਰਿਲਰ 'ਆਰੀਆ' ਦੀਆਂ ਪਿਛਲੀਆਂ ਲੜੀਆਂ ਨਾਲ ਦਰਸ਼ਕਾਂ ਦਾ ਦਿਲ ਜਿੱਤਣ ਮਗਰੋਂ ਇਸ ਦੀ ਤੀਜੀ ਲੜੀ 'ਚ ਮੁੜ ਮੁੱਖ ਭੂਮਿਕਾ 'ਚ ਨਜ਼ਰ ਆਵੇਗੀ। ਉਸ ਨੇ ਦੱਸਿਆ ਕਿ ਇਹ ਕਿਰਦਾਰ ਉਸ ਦੀ ਜ਼ਿੰਦਗੀ ਨਾਲ ਮੇਲ ਖਾਂਦਾ ਹੈ। ਇਸ ਲੜੀ 'ਚ ਸੁਸ਼ਮਿਤਾ ਸੇਨ 'ਆਰੀਆ ਸਰੀਨ' ਦੀ ਭੂਮਿਕਾ ਨਿਭਾਅ ਰਹੀ ਹੈ। ਉਸ ਨੇ ਖ਼ੁਲਾਸਾ ਕੀਤਾ ਹੈ ਕਿ ਆਰਿਆ ਦੀ ਤਾਕਤ ਕਹਾਣੀ ਦੀ ਸ਼ੁਰੂਆਤ ਤੋਂ ਲੈ ਕੇ ਤੀਜੀ ਲੜੀ ਵਿੱਚ ਵੀ ਉਸ ਨੂੰ ਮਜ਼ਬੂਤ ਰੱਖਦੀ ਹੈ। ਇਸ ਬਾਰੇ ਗੱਲ ਕਰਦਿਆਂ ਸਾਬਕਾ ਮਿਸ ਯੂਨੀਵਰਸ ਨੇ ਕਿਹਾ, "ਮੈਂ ਹਮੇਸ਼ਾਂ 'ਆਰੀਆ' ਤੋਂ ਪ੍ਰਭਾਵਿਤ ਰਹੀ ਹਾਂ ਕਿਉਂਕਿ ਜਦੋਂ ਅਸੀਂ ਸ਼ੂਟ ਕਰਦੇ ਹਾਂ ਤਾਂ ਮੌਜੂਦਾ ਸੁਸ਼ਮਿਤਾ ਤੇ ਆਰੀਆ ਦਾ ਸੱਚ ਮੇਲ ਖਾ ਜਾਂਦਾ ਹੈ। ਸਾਡੇ ਦੋਵਾਂ ਦੇ ਕਿਰਦਾਰ ਮਿਲਦੇ ਜੁਲਦੇ ਹਨ।" 'ਆਰਿਆ-3' ਡਿਜ਼ਨੀ+ ਹੌਟਸਟਾਰ 'ਤੇ ਤਿੰਨ ਨਵੰਬਰ ਨੂੰ ਪ੍ਰਸਾਰਿਤ ਹੋਵੇਗੀ।



# ਲੰਡਨ ਵਿਚ ਹੋਵੇਗੀ ਫ਼ਿਲਮ 'ਕੈਰੀ ਆਨ ਜੱਟੀਏ' ਦੀ ਸ਼ੂਟਿੰਗ ਸ਼ੁਰੂ

ਨਵੀਂ ਦਿੱਲੀ: ਪੰਜਾਬੀ ਸਟਾਰ ਗਿੱਪੀ ਗਰੇਵਾਲ ਨੇ ਦੱਸਿਆ ਕਿ ਉਹ ਆਪਣੀ ਫ਼ਿਲਮ 'ਕੈਰੀ ਆਨ ਜੱਟਾ' ਦੀ ਫਰੈਂਚਾਇਜ਼ੀ ਦਾ ਵਿਸਤਾਰ ਕਰ ਰਹੇ ਹਨ। ਇਸ ਲੜੀ ਦੀ ਅਗਲੀ ਫਿਲਮ 'ਕੈਰੀ ਆਨ ਜੱਟੀਏ' ਦੀ ਸ਼ੂਟਿੰਗ ਜਲਦੀ ਹੀ ਲੰਡਨ ਵਿੱਚ ਸ਼ੁਰੂ ਕੀਤੀ ਜਾਵੇਗੀ। ਇਸ ਵਿੱਚ ਸਰਗੁਣ ਮਹਿਤਾ, ਜੈਸਮੀਨ ਭਸੀਨ ਅਤੇ ਸੁਨੀਲ ਗਰੋਵਰ ਮੁੱਖ ਭੂਮਿਕਾਵਾਂ ਨਿਭਾਉਣਗੇ। ਫ਼ਿਲਮ 'ਕੈਰੀ ਆਨ ਜੱਟੀਏ' ਦਾ ਨਿਰਮਾਣ ਪੈਨੋਰਮਾ ਸਟੂਡੀਓਜ਼ ਅਤੇ ਹੰਬਲ ਮੋਸ਼ਨ ਪਿਕਚਰਜ਼ ਵੱਲੋਂ ਕੀਤਾ ਜਾਵੇਗਾ। ਇਸ ਦਾ ਨਿਰਦੇਸ਼ਨ ਸਮੀਪ ਕੰਗ ਕਰਨਗੇ। ਇਸ ਸਬੰਧੀ 'ਕੈਰੀ ਆਨ ਜੱਟਾ' ਤਿੰਨ ਦੇ ਮੁੱਖ ਅਦਾਕਾਰ ਗਿੱਪੀ ਗਰੇਵਾਲ ਨੇ ਐਕਸ 'ਤੇ ਆਪਣੇ ਅਧਿਕਾਰਤ ਪੇਜ਼ 'ਤੇ ਪੋਸਟ ਪਾਈ ਹੈ। ਪੋਸਟ ਅਨੁਸਾਰ ਇੱਕ ਨਵੇਂ ਅੰਦਾਜ਼ ਨਾਲ 'ਕੈਰੀ ਆਨ ਜੱਟਾ' ਵਾਪਸ ਆਵੇਗੀ। ਪੈਨੋਰਮਾ ਸਟੂਡੀਓਜ਼ ਅਤੇ ਹੰਬਲ ਮੋਸ਼ਨ ਪਿਕਚਰਜ਼ ਵੱਲੋਂ ਫ਼ਿਲਮ ਦੀ ਸ਼ੂਟਿੰਗ ਲੰਡਨ ਵਿੱਚ ਸ਼ੁਰੂ ਹੋ ਰਹੀ ਹੈ। ਹੰਬਲ ਮੋਸ਼ਨ ਪਿਕਚਰਜ਼ ਨੇ ਮਾਈਕ੍ਰੋਬਲਾਗਿੰਗ ਸਾਈਟ 'ਤੇ ਇਸ ਸਬੰਧੀ ਖ਼ਬਰ ਸਾਂਝੀ ਕੀਤੀ ਹੈ। ਫਿਲਮ ਦੀ ਕਹਾਣੀ ਬਾਰੇ ਅਜੇ ਸਭ ਕੁਝ ਗੁਪਤ ਰੱਖਿਆ ਗਿਆ ਹੈ ਪਰ ਇਸ ਨੂੰ ਫਰੈਂਚਾਇਜ਼ੀ ਦੇ ਕਾਮੇਡੀ ਫਲੇਵਰ ਨਾਲ ਜੋੜਿਆ ਜਾਵੇਗਾ। ਫਿਲਮ 'ਕੈਰੀ ਆਨ ਜੱਟੀਏ' ਦਾ ਨਿਰਮਾਣ ਗਿੱਪੀ ਗਰੇਵਾਲ, ਕੁਮਾਰ ਮੰਗਤ ਪਾਠਕ, ਰਵਨੀਤ ਕੌਰ ਗਰੇਵਾਲ, ਅਭਿਸ਼ੇਕ ਪਾਠਕ, ਵਨੋਦ ਅਸਵਾਲ ਅਤੇ ਦਿਵਿਆ ਧਮੀਜਾ ਵੱਲੋਂ ਕੀਤਾ ਜਾਵੇਗਾ।



# ਅਲੋਪ ਹੋਈਆਂ ਵਿਆਹ ਦੀਆਂ ਰਸਮਾਂ

ਮੁਖ਼ਤਾਰ ਗਿੱਲ

ਮੌਜੂਦਾ ਵਿਗਿਆਨਕ ਯੁੱਗ ਵਿੱਚ ਹੋ ਰਹੇ ਸਮਾਜਿਕ, ਆਰਥਿਕ ਤੇ ਸਿਆਸੀ ਬਦਲਾਅ ਨੇ ਜਿੱਥੇ ਸਾਡੇ ਸੱਭਿਆਚਾਰ ਨੂੰ ਢਾਹ ਲਾਈ ਹੈ, ਉੱਥੇ ਵਿਆਹ ਸਬੰਧੀ ਰਸਮਾਂ ਤੇ ਰੀਤੀ ਰਿਵਾਜਾਂ ਨੂੰ ਵੀ ਅਲੋਪ ਕਰ ਦਿੱਤਾ। ਇੱਥੇ ਅਸੀਂ ਕਈ ਅਜਿਹੀਆਂ ਰਸਮਾਂ ਦਾ ਜ਼ਿਕਰ ਕਰਾਂਗੇ ਜਨ੍ਹਿਾਂ ਨੂੰ ਕਿਸੇ ਸਮੇਂ ਵਿਆਹ ਵਿੱਚ ਅਹਿਮ ਮੰਨਿਆ ਜਾਂਦਾ ਸੀ, ਪਰ ਮੌਜੂਦਾ ਸਮੇਂ ਦੇ ਵਿਆਹਾਂ ਵਿੱਚੋਂ ਇਹ ਗਾਇਬ ਹਨ।

**ਛੁਹਾਰਾ ਪੈਣਾ:**—ਉਨ੍ਹਾਂ ਸਮਿਆਂ ਵਿੱਚ ਵੇਖਾ ਵਿਖਾਈ ਜਾਂ ਰੋਕਾ ਤੇ ਪ੍ਰੀ ਵੈਡਿੰਗ ਫੋਟੋਗ੍ਰਾਫੀ ਦਾ ਰਿਵਾਜ ਨਹੀਂ ਸੀ। ਕਿਸੇ ਦੂਰ ਨੇੜੇ ਦੇ ਰਿਸ਼ਤੇਦਾਰ, ਕਿਸੇ ਸੱਜਣ ਮਿੱਤਰ ਜਾਂ ਕਿਸੇ ਦੀ ਵਿਚੋਲਗੀ ਦੀ ਬਦੌਲਤ ਰਿਸ਼ਤਾ ਸਿਰੇ ਚੜ੍ਹ ਜਾਂਦਾ ਸੀ। ਲੜਕੀ ਦੇ ਪਰਿਵਾਰ ਵੱਲੋਂ ਉਸ ਦਾ ਪਿਤਾ, ਮਾਮਾ ਤੇ ਲਾਗੀ ਆਦਿ ਮੁੰਡੇ ਦੇ ਮੂੰਹ ਨੂੰ ਛੁਹਾਰਾ ਲਾਉਂਦੇ ਸਨ। ਮੁੰਡੇ ਦੀ ਝੋਲੀ ਚਾਂਦੀ ਦਾ ਦੁੱਪੜ ਰੁਪਈਆ, ਮਿਸ਼ਰੀ ਤੇ ਇਲਾਇਚੀ ਆਦਿ ਪਾਏ ਜਾਂਦੇ ਸਨ। ਇਸ ਸ਼ਗਨ ਮੌਕੇ ਮੁੰਡੇ ਦੇ ਕੁਆਰੇ ਦੋਸਤਾਂ ਨੂੰ ਉਹ ਆਪਣੀ ਝੋਲੀ ਵਿੱਚੋਂ ਕੁੱਜਿਆਂ ਦੀ ਮਿਸ਼ਰੀ ਤੇ ਇਲਾਇਚੀ ਦਾ ਪ੍ਰਸ਼ਾਦ ਵੰਡਦਾ ਸੀ।

**ਸਾਹੇ ਚਿੱਠੀ:**—ਅੱਜਕੱਲ੍ਹ ਡਿਜ਼ਾਈਨਰ ਵਿਆਹ ਦੇ ਕਾਰਡਾਂ ਦਾ ਜ਼ਮਾਨਾ ਹੈ, ਪਰ ਕਿਸੇ ਪੜ੍ਹੇ ਲਿਖੇ ਤੋਂ ਸਾਦੇ ਕਾਗਜ਼ ਉੱਪਰ ਵਿਆਹ ਸ਼ਾਦੀ 'ਸਾਹਾ' ਜਿਸ ਵਿੱਚ ਸ਼ੁਭ ਦਿਨ ਦਿਹਾੜਾ, ਮਹੀਨਾ ਆਦਿ ਦੀ ਸੂਚਨਾ ਲਿਖਵਾ ਕੇ ਸਾਹੇ ਚਿੱਠੀ ਦੇ ਕਾਗਜ਼ 'ਤੇ ਸੰਧੂਰ ਦਾ ਟਿੱਕਾ ਲਵਾ, ਉਸ ਦੁਆਲੇ ਲਾਲ ਮੌਲੀ ਦਾ ਧਾਗਾ ਬੰਨ੍ਹ ਲਾਗੀ ਹੱਥ ਮੁੰਡੇ ਵਾਲਿਆਂ ਦੇ ਘਰ ਭੇਜੀ ਜਾਂਦੀ ਸੀ। ਭਾਵ 'ਅੱਸੂ ਦੀ ਪਹਿਲੀ ਨੂੰ ਪ੍ਰੀਤੋ ਦਾ ਸਾਹਾ ਸੁਧਿਆ।' ਇਹੋ ਸਾਹੇ ਚਿੱਠੀ ਹੁੰਦੀ ਸੀ।

**ਗੌਣ ਬਿਠਾਉਣਾ:**—ਸ਼ਰੀਕਾ, ਭਾਈਚਾਰਕ ਸਾਂਝ, ਆਂਢ-ਗੁਆਂਢ ਅਤੇ ਹੋਰ ਮਿਲਵਰਤਨ ਵਾਲੇ ਪਰਿਵਾਰਾਂ ਦੀਆਂ ਔਰਤਾਂ ਤੇ ਮੁਟਿਆਰਾਂ ਨੂੰ ਵਿਆਹ ਵਾਲੇ ਘਰ ਵੱਲੋਂ ਲਾਗਣਾਂ 'ਗੌਣ' ਦਾ ਸੱਦਾ ਦੇਣ ਜਾਂਦੀਆਂ ਸਨ। ਬੀਬੀਆਂ ਭੈਣਾਂ ਰਾਤ ਨੂੰ ਵਿਆਹ ਵਾਲੇ ਘਰ ਦੇ ਖੁੱਲ੍ਹੇ ਵਿਹੜਿਆਂ ਜਾਂ ਛੱਤਾਂ ਉਤੇ ਵਿਛੀਆਂ ਦਰੀਆਂ 'ਤੇ ਬੈਠ ਕੇ ਵਿਆਹ ਸ਼ਾਦੀ ਦੇ ਗੀਤ ਗਾਉਂਦੀਆਂ ਸਨ। ਘਰ ਵੱਲੋਂ ਉਨ੍ਹਾਂ ਨੂੰ ਗੁੜ ਤੇ ਪਤਾਸੇ ਵੰਡੇ ਜਾਂਦੇ ਸਨ। ਸ਼ਾਇਦ ਇਸੇ ਨੂੰ ਅਜੋਕੇ ਸਮਿਆਂ ਵਿੱਚ 'ਲੇਡੀਜ਼ ਸੰਗੀਤ' ਕਿਹਾ ਜਾਂਦਾ ਹੈ।

**ਮਹਿੰਦੀ ਦੀ ਰਸਮ:**—ਮਹਿੰਦੀ ਵਾਲੇ ਸ਼ਿੰਗਾਰੇ ਹੱਥ ਵੇਖਣਾ ਅਤੇ ਮਹਿੰਦੀ ਦੀ ਖੁਸ਼ਬੂ ਮਹਿਸੂਸ ਕਰਨਾ ਵੀ ਇੱਕ ਰਸਮ ਹੈ। ਔਰਤਾਂ ਤੇ ਮੁਟਿਆਰਾਂ ਵੱਲੋਂ ਮਹਿੰਦੀ ਲਾਉਣਾ, ਆਪਣੇ ਹੱਥਾਂ ਦੀ ਸ਼ਾਨ ਵਧਾਉਣਾ ਹੈ। ਵਿਆਹੁਤਾ ਲੜਕੀ ਦੇ ਹੱਥਾਂ ਉਤੇ ਮਹਿੰਦੀ ਲਾਉਣ ਨੂੰ ਇੱਕ ਸ਼ਗਨ ਮੰਨਿਆ ਜਾਂਦਾ ਹੈ। ਮਹਿੰਦੀ ਲਾਉਣ ਦੀ ਰਸਮ ਕੋਈ ਸੁੱਘੜ ਸਿਆਣੀ ਔਰਤ ਨਿਭਾਉਂਦੀ ਹੈ ਜਿਸ ਨੂੰ ਮਹਿੰਦੀ ਲਾਉਣ ਦੀ ਕਲਾ ਦੀ ਮੁਹਾਰਤ ਹੋਵੇ। ਅੱਜਕੱਲ੍ਹ ਤਾਂ ਇਹ ਕੰਮ ਬਿਊਟੀ ਪਾਰਲਰਾਂ ਤੋਂ ਹੀ ਕਰਵਾ ਲਿਆ ਜਾਂਦਾ ਹੈ।

**ਵਟਣਾ ਮਲਣਾ/ਤੇਲ ਚੜ੍ਹਾਉਣਾ:**—ਵਿਆਹ ਵਾਲੀ ਲੜਕੀ ਦੇ ਮੂੰਹ ਤੇ ਬਾਹਾਂ ਆਦਿ 'ਤੇ ਦਹੀਂ, ਹਲਦੀ ਅਤੇ ਵੇਸਣ ਆਦਿ ਦਾ ਲੇਪ ਕੀਤਾ ਜਾਂਦਾ ਜਿਸ ਨੂੰ ਵਟਣਾ ਮਲਣਾ ਕਿਹਾ ਜਾਂਦਾ ਹੈ। ਉੱਧਰ ਮੁੰਡੇ ਨੂੰ ਵੀ ਅਗਲੇ ਦਿਨ (ਬਰਾਤ ਵਾਲੇ ਦਿਨ) ਵਟਣਾ ਮਲ ਕੇ (ਦਹੀਂ ਤੇ ਤੇਲ ਮਲ ਕੇ) ਨੁਹਾਇਆ ਜਾਂਦਾ ਹੈ। ਇਸ ਰਸਮ ਨੂੰ ਵਟਣਾ ਮਲਣਾ ਜਾਂ ਤੇਲ ਚੜ੍ਹਾਉਣਾ ਵੀ ਕਿਹਾ ਜਾਂਦਾ ਹੈ।

**ਨਾਨਕਾ ਮੇਲ:**—ਲੜਕੇ ਤੇ ਲੜਕੀ ਦੇ ਵਿਆਹ ਤੋਂ ਇੱਕ ਦਿਨ ਪਹਿਲਾਂ ਨਾਨਾ-ਨਾਨੀ, ਮਾਮੇ-ਮਾਮੀਆਂ, ਮਿਲਵਰਤਣ ਵਾਲੀਆਂ ਆਂਢਣਾਂ-ਗੁਆਂਢਣਾਂ ਕੁੜੀ-ਮੁੰਡੇ ਦੇ ਘਰ 'ਨਾਨਕਾ ਮੇਲ' ਬਣ ਕੇ ਆਉਂਦੇ ਸਨ। ਘਰ ਵਾਲੀਆਂ ਵੱਲੋਂ 'ਨਾਨਕਾ ਮੇਲ' ਦਾ ਸਿੱਠਣੀਆਂ,



ਲੋਕ ਗੀਤਾਂ ਆਦਿ ਨਾਲ ਸਵਾਗਤ ਕੀਤਾ ਜਾਂਦਾ ਸੀ।

**ਚੂੜਾ ਚੜ੍ਹਉਣਾ:**—ਵਟਣਾ ਮਲਣ ਤੇ ਨੁਹਾਉਣ ਤੋਂ ਬਾਅਦ ਸ਼ਗਨ ਦੇ ਗੀਤਾਂ ਨਾਲ ਵਿਆਹ ਵਾਲੀ ਲੜਕੀ ਦੇ ਮਾਮਿਆਂ ਵੱਲੋਂ 'ਚੂੜਾ ਚੜ੍ਹਾਉਣ' ਦੀ ਰਸਮ ਨਿਭਾਈ ਜਾਂਦੀ।

**ਘੋੜੀ ਚੜ੍ਹਨਾ:**—ਵਿਆਹ ਵਾਲੇ ਲੜਕੇ ਨੂੰ ਦਹੀਂ ਤੇ ਤੇਲ ਨਾਲ ਨੁਹਾਉਣ ਉਪਰੰਤ ਸ਼ਗਨਾਂ ਨਾਲ ਸ਼ਿੰਗਾਰੀ ਘੋੜੀ 'ਤੇ ਚੜ੍ਹਾ ਕੇ ਗੁਰਦੁਆਰਾ ਸਾਹਿਬ ਜਾਂ ਕਿਸੇ ਹੋਰ ਧਾਰਮਿਕ ਅਸਥਾਨ 'ਤੇ ਲੈਜਾਇਆ ਜਾਂਦਾ। ਲਾੜੇ ਦੇ ਪਿੱਛੇ ਘੋੜੀ 'ਤੇ ਕਿਸੇ ਭਤੀਜੇ ਜਾਂ ਆਂਢ-ਗੁਆਂਢ ਦੇ ਕਿਸੇ ਚਹੇਤੇ ਬੱਚੇ ਨੂੰ 'ਸਰਬਾਲਾ' ਬਣਾ ਕੇ ਬਿਠਾਇਆ ਜਾਂਦਾ। ਅਰਦਾਸ ਤੋਂ ਬਾਅਦ ਭੈਣਾਂ ਵੀਰ ਦੀ ਘੋੜੀ ਦੀ ਵਾਗ ਗੁੰਦਣ ਅਤੇ ਭਰਜਾਈਆਂ ਆਪਣੇ ਦਿਓਰ ਨੂੰ 'ਸੁਰਮਾ ਪਾਉਣ' ਦੀ ਰਸਮ ਪੂਰੀ ਕਰਦੀਆਂ।

**ਜੰਞ ਦਾ ਢੁੱਕਣਾ:**—ਭਲੇ ਵੇਲਿਆਂ ਵਿੱਚ ਪਿੰਡਾਂ 'ਚ ਜੰਞਾਂ ਲੋਢੇ ਵੇਲੇ ਢੁੱਕਦੀਆਂ ਹੁੰਦੀਆਂ ਸਨ। ਜਾਂਞੀ ਕਿਸੇ ਸੂਏ, ਨਹਿਰ ਜਾਂ ਵਗਦੇ ਖੂਹ ਤੋਂ ਮੂੰਹ ਹੱਥ ਧੋ ਕੇ ਤਿਆਰ ਹੋ ਜਾਂਦੇ ਸਨ। ਪਿੰਡ ਵਾਲੇ ਪਹਿਲਾਂ ਹੀ ਜਾਂਞੀਆਂ ਦੀਆਂ ਘੋੜੀਆਂ ਸਾਂਭ ਸੰਭਾਲ ਲਈ ਹਵੇਲੀਆਂ/ ਘਰ ਲੈ ਜਾਂਦੇ ਸਨ।

**ਮਿਲਣੀ:**—ਜੰਞ ਦੇ ਢੁੱਕਣ ਤੋਂ ਬਾਅਦ ਜਦੋਂ ਦੋਵੇਂ ਮੁੰਡੇ ਤੇ ਕੁੜੀ ਦੇ ਪਰਿਵਾਰ ਆਹਮਣੇ ਸਾਹਮਣੇ ਹੁੰਦੇ ਸਨ ਤਾਂ ਅਰਦਾਸ ਉਪਰੰਤ, 'ਮੇਲ ਲਵੇ ਮਹਾਰਾਜ ਵੇਲਾ ਮਿਲਣੀ ਦਾ' ਦੇ ਬੋਲਾਂ ਨਾਲ 'ਮਿਲਣੀ' ਦੀ ਰਸਮ ਹੁੰਦੀ ਸੀ। ਕੁੜਮਾਂ, ਮਾਮਿਆਂ, ਫੁੱਫੜ, ਭਣਵਈਆਂ ਆਦਿ ਦੀ ਮਿਲਣੀ ਕਰਵਾਈ ਜਾਂਦੀ। ਕੁੜੀ ਵਾਲੇ ਗਲਾਂ ਵਿੱਚ ਹਾਰਾਂ ਦੇ ਨਾਲ ਕੰਬਲ, ਮੁੰਦਰੀਆਂ, ਛੱਲੇ ਛਾਪਾਂ ਆਦਿ ਸ਼ਗਨ ਦੇ ਰੂਪ ਵਿੱਚ ਭੇਂਟ ਕਰਦੇ। ਸਿਰਵਾਰ ਨਾਵੇਂ ਹੁੰਦੇ ਸਨ। ਲਾਗੀਆਂ ਨੂੰ ਲਾਗ ਮਿਲਦਾ ਸੀ। ਮਿਲਣੀ ਤੋਂ ਬਾਅਦ ਬਰਾਤ ਰੈਣ ਬਸੇਰੇ ਵੱਲ ਤੁਰ ਪੈਂਦੀ ਸੀ। ਲਾਲ ਥੈਲੀ ਵਿੱਚ ਭਨਕੜ/ਭਾਨ ਪਾਈਂ ਲਾੜੇ ਦਾ ਪਿਓ ਆਨੇ, ਦੁਆਨੀਆਂ, ਚਵਾਨੀਆਂ ਤੇ ਇੱਕ ਅੱਧ ਦੁੱਪੜ ਚਾਂਦੀ ਰੁਪਏ ਆਦਿ ਦੀ ਸੋਟ ਕਰਦਾ ਸੀ ਜਿਸ ਨੂੰ ਬੱਚੇ ਤੇ ਝਲੂੰਗੀ ਵਾਲੇ ਸਾਂਸੀ ਲੁੱਟਦੇ ਸਨ। ਚਾਹ ਪੀ ਬਰਾਤੀ ਕੁਝ ਦੇਰ ਆਰਾਮ ਕਰਦੇ ਸਨ। ਏਨੇ ਨੂੰ ਘਰ ਦੀ ਕੱਢੀ ਲੌਂਗ ਲੈਚੀਆਂ ਵਾਲੀ ਦੇਸੀ ਦਾਰੂ ਤੇ ਲੂਣੀ ਬੂੰਦੀ ਲੈ ਕੇ ਸ਼ਰੀਕੇ ਬਿਰਾਦਰੀ ਦੇ ਚੋਭਰ ਆ ਜਾਂਦੇ ਸਨ। ਜਦੋਂ ਬਰਾਤੀ ਵਾਹਵਾ ਲਹਿਰ ਵਿੱਚ ਹੋ ਜਾਂਦੇ ਸਨ ਤਾਂ ਕੋਈ ਮੋਹਤਬਰ ਘਰ ਵੱਲੋਂ ਰੋਟੀ ਦਾ ਸੱਦਾ ਦੇ ਜਾਂਦਾ ਸੀ। ਰਾਤ ਦੀ ਰੋਟੀ ਵਿੱਚ ਚੌਲ ਸ਼ੱਕਰ ਘਿਓ, ਲੋਹ ਦੇ ਮੰਡੇ, ਦਾਲ ਆਦਿ ਹੁੰਦੇ ਸਨ। ਦੇਰ ਰਾਤ ਤੱਕ ਸਪੀਕਰ ਵੱਜਦਾ ਸੀ। ਜਾਂਞੀਆਂ ਵਿੱਚ ਬੋਲ ਬੁਲਾਰਾ ਵੀ ਹੁੰਦਾ ਸੀ।

ਅਗਲੇ ਦਿਨ ਸਵੇਰੇ ਗੁਰਦੁਆਰਾ ਸਾਹਿਬ ਦੀ ਹਲਟੀ ਦੀਆਂ ਟੂਟੀਆਂ ਭਰ ਦਿੱਤੀਆਂ ਜਾਂਦੀਆਂ ਸਨ ਅਤੇ ਕਿੱਲੀਆਂ ਉਤੇ ਨਵੇਂ ਪਰਨੇ ਟੰਗੇ ਜਾਂਦੇ ਸਨ। ਤੇਲ ਤੇ ਸਾਬਣ ਰੱਖਿਆ ਜਾਂਦਾ ਸੀ। ਜਾਂਞੀ ਬਾਹਰ ਅੰਦਰ ਜਾ, ਦਾਤਣ ਕੁਰਲਾ ਕਰ ਮੌਸਮ ਅਨੁਸਾਰ ਨਹਾ ਧੋ ਮੰਜੇ ਮਲ ਲੈਂਦੇ ਸਨ। ਛਾਹ ਵੇਲਾ ਚਾਹ ਤੇ ਡੋਨੇ ਜੰਞ ਦੇ ਢੁਕਾ ਵੇਲੇ ਵਾਲਾ ਹੀ ਹੁੰਦਾ। ਚਾਹ ਆਦਿ ਪੀ ਬਰਾਤੀ ਤਿਆਰ ਹੋਣ ਲੱਗਦੇ।

**ਲਾਵਾਂ ਫੇਰੇ:**—ਇਸ ਦੌਰਾਨ ਘਰੋਂ ਲਾਵਾਂ ਫੇਰਿਆਂ ਦਾ ਸੱਦਾ ਮਿਲਦਾ। ਲਾੜਾ, ਪਿਤਾ ਤੇ ਨੇੜੇ ਦੇ ਹੋਰ ਰਿਸ਼ਤੇਦਾਰ ਲਾਵਾਂ ਲਈ ਪਹੁੰਚ ਜਾਂਦੇ। ਲਾਵਾਂ ਫੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਦੋਵੇਂ ਪਰਿਵਾਰ, ਨੇੜਲੇ ਰਿਸ਼ਤੇਦਾਰ ਤੇ ਸਕੇ ਸੋਧਰੇ ਗੁਰੂ ਚਰਨਾਂ ਵਿੱਚ ਬੈਠ ਜਾਂਦੇ। ਗੁਰਦੁਆਰਾ ਸਾਹਿਬ ਦੇ ਭਾਈ ਜੀ ਲਾਵਾਂ ਦਾ ਪਾਠ ਪੜ੍ਹਦੇ। ਨਵੀਂ ਵਿਆਹੁਤਾ ਆਪਣੇ ਮੰਗੇਤਰ ਦਾ ਪੱਲਾ ਫੜ ਲਾਵਾਂ ਲੈਂਦੀ। ਭਰਾ ਤੇ ਸਖੀਆਂ ਸਹੇਲੀਆਂ ਲਾਵਾਂ ਲੈਣ 'ਚ ਉਸ ਨੂੰ ਲਾੜੇ ਪਿੱਛੇ ਪਿੱਛੇ ਲਾਵਾਂ ਲੈਣ ਵਿੱਚ ਸਹਿਯੋਗ ਕਰਦੀਆਂ। ਕਿਸੇ ਸਹੇਲੀ ਵੱਲੋਂ ਸਿੱਖਿਆ ਪੜ੍ਹੀ ਜਾਂਦੀ। ਭਾਈ ਜੀ ਗ੍ਰਹਿਸਤੀ ਜੀਵਨ ਦੀ ਸਿੱਖਿਆ ਦਿੰਦੇ। ਵਿਆਹੁਤਾ ਮੁੰਡੇ ਨਾਲ ਲਾਵਾਂ ਫੇਰਿਆਂ ਲਈ ਘਰ ਦੇ ਮੈਂਬਰ ਕੁੜੀ ਵਾਲਿਆਂ ਦੇ ਘਰ ਲਈ ਚੱਲ ਪੈਂਦੇ। ਪਿੱਛੋਂ ਲਾੜੇ ਦੇ ਸੱਜਣ ਮਿੱਤਰ ਟੌਹਰਾਂ ਮਾਰ, ਗਲਾਂ ਵਿੱਚ ਕੈਂਠੇ ਪਾ, ਮੁੱਛਾਂ ਨੂੰ ਤਾਅ ਦੇ, ਸੱਜ ਧੱਜ ਕੇ ਪਿੰਡ ਦੀਆਂ ਗਲੀਆਂ ਕੱਛਣ ਗਏ ਗੁਰਦੁਆਰਾ ਸਾਹਿਬ ਪਰਤ ਆਉਂਦੇ। ਰਾਜਾ ਸ਼ੀਸ਼ਾ ਆਦਿ ਲੈ ਆਉਂਦਾ। ਜਵਾਨ ਜਾਂਞੀਆਂ ਨੂੰ ਸ਼ੀਸ਼ਾ ਵਿਖਾ, ਸ਼ਗਨ ਲੈ ਤੁਰ ਜਾਂਦਾ। ਇਸ ਦੌਰਾਨ ਭੰਡ (ਮਰਾਸੀ) ਆ ਜਾਂਦੇ। ਭੰਡ ਆਪਣੇ ਗਾਣਿਆਂ ਤੇ ਨਕਲਾਂ ਨਾਲ ਬਰਾਤੀਆਂ ਦਾ ਖੂਬ ਮਨੋਰੰਜਨ ਕਰਦੇ। ਬਰਾਤੀ ਉਨ੍ਹਾਂ ਦੇ ਗਾਣਿਆਂ ਅਤੇ ਨਕਲਾਂ ਤੋਂ ਖੁਸ਼ ਹੋ ਪੈਸੇ ਦਿੰਦੇ। ਮੁੰਡੇ ਦੇ ਬਾਪ ਕੋਲੋਂ ਵੱਖ ਵਧਾਈ ਲੈ ਜਾਂਦੇ। ਕੁੜੀ ਦੇ ਘਰ ਵੱਲੋਂ ਕੋਈ ਮੋਹਤਬਰ ਬੰਦਾ ਜੰਞ ਨੂੰ ਰੋਟੀ ਦਾ ਸੱਦਾ ਦੇਣ ਲਈ ਆ ਜਾਂਦਾ।

**ਜੰਞ ਬੰਨ੍ਹਣੀ:**—ਬਰਾਤ ਰੋਟੀ ਲਈ ਚੱਲ ਪੈਂਦੀ ਸੀ। ਲੜਕੀ ਵਾਲਿਆਂ ਦੇ ਘਰ ਦੇ ਵਿਹੜੇ ਵਿੱਚ ਬਰਾਤੀਆਂ ਨੂੰ ਟਾਟਾਂ ਉਤੇ ਪੰਗਤਾਂ ਵਿੱਚ ਬਿਠਾਇਆ ਜਾਂਦਾ ਸੀ। ਬਰਾਤ ਨੂੰ ਬੱਕਰੇ ਦਾ ਮਾਸ ਪਰੋਸਿਆ ਜਾਂਦਾ ਸੀ ਅਤੇ ਪਿੱਛੇ ਪਿੱਛੇ ਇੱਕ ਜਵਾਨ ਦੇਸੀ ਦਾਰੂ ਵਰਤਾਈ ਜਾਂਦਾ ਸੀ। ਜਦੋਂ ਬਰਾਤੀ ਰੋਟੀ ਖਾਣ ਲੱਗਦੇ ਸਨ ਤਾਂ ਵਿਆਹ ਵਾਲੀ ਕੁੜੀ ਦੀਆਂ ਸਖੀਆਂ ਸਹੇਲੀਆਂ ਜੰਞ ਬੰਨ੍ਹ ਦਿੰਦੀਆਂ ਸਨ। ਇਸ ਰਸਮ ਨੂੰ 'ਜੰਞ ਬੰਨ੍ਹਣੀ' ਕਿਹਾ ਜਾਂਦਾ ਸੀ। ਬਰਾਤੀ ਰੋਟੀ ਖਾਣੀ ਬੰਦ ਕਰ ਦਿੰਦੇ ਸਨ। ਬਾਅਦ ਵਿੱਚ 'ਸਿਆਣਿਆਂ' ਦੇ ਵਰਜਣ 'ਤੇ ਕੁੜੀਆਂ ਇਹ ਕਹਿ, 'ਅੱਗੇ ਨੰਗਲ ਪਿੱਛੇ ਝੰਜੋਟੀ, ਖੋਲ੍ਹੀ ਜੰਞ ਤੇ ਖਾਓ ਰੋਟੀ' ਨਾਲ ਜੰਞ ਖੋਲ੍ਹ ਦਿੰਦੀਆਂ ਸਨ।

**ਡੋਲੀ ਤੋਰਨਾ:**—ਆਖ਼ਰ ਉਹ ਸੁੱਖਾਂ ਲੱਧੀ, ਪਰ ਉਦਾਸ ਕਰਨ ਵਾਲੀ ਘੜੀ 'ਡੋਲੀ ਤੋਰਨ' ਜਾਂ ਬਾਬਲ ਦੇ ਘਰੋਂ ਧੀ ਨੂੰ ਵਿਦਾ ਦੀ ਰਸਮ ਸੁਭਾਵਿਕ ਹੀ ਆ ਜਾਂਦੀ। ਵਿਦਾਇਗੀ ਦਾ ਇਹ ਦ੍ਰਿਸ਼ ਹੋਰ ਵੀ ਕਰੁਣਾਮਈ ਹੋ ਜਾਂਦਾ ਜਦੋਂ ਧੀ ਆਪਣੀ ਮਾਂ, ਮਾਂ ਜਾਏ ਭਰਾਵਾਂ, ਭੈਣਾਂ ਤੇ ਸਖੀਆਂ ਸਹੇਲੀਆਂ ਦੇ ਗਲੇ ਲੱਗ ਡੁਸਕਦੀ। ਕਹਾਰੋ ਡੋਲੀ ਨਾ ਚਾਇਓ ਅਜੇ ਮੇਰਾ ਬਾਬਲ ਨਹੀਂ ਆਇਆ ਦੇ ਬੋਲਾਂ ਨਾਲ ਬਾਬਲ ਦਾ ਵੈਰਾਗੀ ਹੋਣਾ ਕੁਦਰਤੀ ਹੈ। ਉਸ ਦਾ ਵਾਰ ਵਾਰ ਭਰਿਆ ਮਨ ਅੱਖਾਂ ਰਾਹੀਂ ਉਛਲਦਾ, ਪਰ ਇਹ ਸੋਚ 'ਧੀਆਂ ਧੰਨ ਪਰਾਇਆ' ਧੀ ਦੀ ਡੋਲੀ ਨੂੰ ਵਿਦਾ ਕਰਦਾ।

**ਪਾਣੀ ਵਾਰਨਾ:**—ਜਦੋਂ ਨੂੰਹ ਦੀ ਡੋਲੀ ਤੇ ਪੁੱਤਰ ਸਹੁਰੇ ਘਰੋਂ ਘਰ ਦੀ ਦਹਿਲੀਜ਼ 'ਤੇ ਪਹੁੰਚਦੀ ਸੀ ਤਾਂ ਮਾਂ/ਸੱਸ ਵਿਆਹ ਵਾਲੀ ਜੋੜੀ ਦੇ ਸਿਰ ਤੋਂ 'ਪਾਣੀ ਵਾਰਨ' ਦੀ ਰਸਮ ਪੂਰੀ ਕਰਦੀ ਜਿਸ ਨੂੰ ਉਨ੍ਹਾਂ ਸਮਿਆਂ ਵਿੱਚ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਸੀ। ਮਾਂ/ਸੱਸ ਗੜਵੀ ਵਿਚਲਾ ਮਿੱਠਾ ਪਾਣੀ ਸੱਤ ਵਾਰ ਵਿਆਹ ਵਾਲੀ ਜੋੜੀ ਦੇ ਸਿਰ ਉੱਪਰੋਂ ਦੀ ਵਾਰ ਕੇ ਪੀਂਦੀ ਸੀ। ਲੋਕ ਧਾਰਨਾ ਕਿ ਜੇ ਮਾਂ/ਸੱਸ ਹਰ ਵਾਰ, ਜੋੜੀ ਤੋਂ ਵਾਰ ਕੇ ਪਾਣੀ ਪੀ ਲਵੇ ਤਾਂ ਨੂੰਹ ਸੱਸ ਨਾਲ ਪਿਆਰ ਪੈ ਜਾਂਦਾ ਹੈ। ਗਾਨੇ ਖੇਡਣ ਦੀ ਰਸਮ: ਵਿਆਹ ਤੋਂ ਅਗਲੇ ਦਿਨ 'ਗਾਨੇ ਖੇਡਣ' ਦੀ ਰਸਮ ਹੁੰਦੀ। ਇੱਕ ਘੜੇ ਨੁਮਾ ਭਾਂਡੇ ਵਿੱਚ ਦੁੱਧ ਪਾਣੀ ਦਾ ਘੋਲ ਯਾਨੀ 'ਕੱਚੀ ਲੱਸੀ' ਵਿੱਚ ਸਿੱਕੇ ਸੁੱਟੇ ਜਾਂਦੇ। ਨਵੀਂ ਵਿਆਹੀ ਜੋੜੀ ਆਪੋ ਆਪਣਾ ਹੱਥ ਭਾਂਡੇ ਵਿੱਚ ਪਾ ਕਿਸੇ ਵਿਸ਼ੇਸ਼ ਸਿੱਕੇ ਨੂੰ ਲੱਭਦੇ। ਇਸ ਤਰ੍ਹਾਂ ਇੱਕ ਦੂਸਰੇ ਨੂੰ ਚੰਗੀ ਤਰ੍ਹਾਂ ਵੇਖ ਲੈਂਦੇ ਸਨ। ਉਨ੍ਹਾਂ ਸਮਿਆਂ ਵਿੱਚ ਡੋਲੀ ਨਾਲ ਨੈਣ (ਲਾਗਣ) ਤੇ ਛੋਟਾ ਵੀਰ ਆਉਂਦੇ ਸਨ। ਫਿਰ ਲਾਗਣ ਤੇ ਵੀਰ ਨਾਲ ਸਹੁਰੇ ਘਰ ਦੀ ਨੂੰਹ ਆਪਣੇ ਪੇਕੇ ਘਰ ਨੂੰ ਤੁਰ ਜਾਂਦੀ ਸੀ। ਫਿਰ ਸਾਲ ਛੇਆਂ ਮਹੀਨਿਆਂ ਪਿੱਛੋਂ ਜਦੋਂ ਸਹੁਰੇ ਘਰੋਂ ਉਸ ਦਾ ਘਰਵਾਲਾ 'ਮੁਕਲਾਵਾ' ਲੈਣ ਆਉਂਦਾ ਸੀ ਤਾਂ ਮਾਪੇ ਆਪਣੀ ਧੀ ਨੂੰ ਉਸ ਦੇ ਨਾਲ ਸ਼ਗਨਾਂ ਨਾਲ ਤੋਰ ਦਿੰਦੇ ਸਨ।


# ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# TRANSource FREIGHTWAYS



ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਸ਼ਨੀਵਾਰ: 604–808–9805**

Email:safety@transourcefreightways.com

# fruiticana hee jaana!

Your one and only Punjabi neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ

## LOWEST PRICES IN TOWN

**EXTRA EXTRA SUPER SPECIAL**
Almonds Extra Large Size
ਵੱਡੇ ਬਦਾਮ
$2.99 lb

**EXTRA SUPER SUPER SPECIAL**
Jumbo Cauliflower
ਵੱਡਾ ਗੋਬੀ ਦਾ ਫੁੱਲ
$2.99 ea.

Jumbo Carrots
ਵੱਡਿਆ ਗਾਜਰਾਂ
58¢ lb

**SUPER SUPER SPECIAL**
Round Tomatoes
ਗੋਲ ਟਮਾਟਰ
99¢ lb

**SUPER SPECIAL**
Spinach
ਪਾਲਕ
99¢ bunch

Chickpeas
ਚਿੱਟੇ ਛੋਲੇ
99¢ lb

Long English Cucumber
ਲੰਬੇ ਇੰਗਲਿਸ਼ ਖੀਰੇ
99¢ ea.

**SUPER SPECIAL**
Yellow Onions 50 lbs
ਪੀਲੇ ਗੰਢੇ
$13.98 bag

**SUPER SPECIAL**
Red Delicious Apples
ਲਾਲ ਸਵਾਦ ਸੇਬ ਬੀਸੀ BC
79¢ lb

**SUPER SPECIAL**
Cilantro
ਧਣੀਆ
2 bunches for $1.50

Gur Plain & Masala 2 lbs Shell
ਪੇਸ਼ੀ ਅਤੇ ਮਸਾਲਾ ਗੁੜ
$2.99 pkg.

Peeled Garlic 5 lbs jar
ਛਿਲਿਆ ਹੋਇਆ ਲਸਣ
$8.99 jar

**SUPER SPECIAL**
Red Lentil Whole
ਮਸਰਾ ਦੀ ਸਾਬਤ ਦਾਲ
78¢ lb

Sher Besan (Chana Flour) 4lbs
ਸ਼ੇਰ ਵੇਸਣ
$3.98 bag

Red, Yellow & Orange Peppers BC
ਸ਼ਿਮਲਾ ਮਿਰਚਾਂ (ਲਾਲ,ਪੀਲੀਆਂ ਅਤੇ ਸੰਤਰੀ) ਬੀਸੀ
99¢ lb

Shakkar 1 kg Indican
ਸ਼ਕਰ ਇੰਡੀਕਨ
$2.99 jar

Zucchini Squash
ਜ਼ੁਕੀਨੀ ਸਕੁਐਸ਼
78¢ lb

Roma Tomatoes
ਰੋਮਾ ਟਮਾਟਰ
$1.49 lb

Gala Apples USA #1
ਗਾਲਾ ਸੇਬ ਯੂ.ਐਸ. #੧
$1.29 lb

Rapini (Sarson da Saag)
ਸਰਸੋਂ ਦਾ ਸਾਗ
$2.88 bunch

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle

Red Lentil Split
ਧੋਤੀ ਮਸਰਾਂ ਦੀ ਦਾਲ
88¢ lb

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag

Gala Apples BC
ਗਾਲਾ ਸੇਬ ਬੀਸੀ
79¢ lb

Fresh Ginger
ਤਾਜ਼ਾ ਅਦਰਕ
$1.99 lb

Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕੈਨ)
$3.98 bag

Product images may differ from the actual product.

**Thur Oct 26, 2023 - Wed Nov 01, 2023**
We reserve the right to limit the quantities while they last
Specials valid for Lower Mainland only

22 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 8 PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |